# ਸਮੇਂ ਦੇ ਆਰ-ਪਾਰ ਇੱਕ ਚਹਿਲਕਦਮੀ

## ਡਾਊਨਟਾਊਨ ਦੀ ਵਿਰਾਸਤ ਦਾ ਚਹਿਲਕਦਮੀ ਟੂਰ









brampton.ca
BRAMPTON
Flower City

# ਬਰੈਮਪਟਨ ਦੀ ਖੋਜ ਕਰੋ

## ਸਾਨੂੰ ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਦਿਖਾਓ





ਮਜ਼ੇਦਾਰ ਆਕਰਸ਼ਣ, ਸ਼ਾਨਦਾਰ ਤਿਉਹਾਰ ਅਤੇ 70 ਤੋਂ ਵਧੇਰੇ ਵਿਕਰੇਤਾਵਾਂ ਦੇ ਨਾਲ ਬਰੈਮਪਟਨ ਦੇ ਕਿਸਾਨਾਂ ਦਾ ਬਾਜ਼ਾਰ, ਸਾਰੇ ਤੁਹਾਡੀ ਉਡੀਕ ਕਰ ਰਹੇ ਹਨ।



b... curious
BRAMPTON ECONOMIC DEVELOPMENT

BRAMPTON
TourismBrampton.ca

ਸੰਪੂਰਨ ਸੂਚੀ ਵਾਸਤੇ ਦੇਖੋ **www.tourismbrampton.ca**

# ਵਿਸ਼ਾ ਸੂਚੀ


ਮੇਅਰ ਦਾ ਸੰਦੇਸ਼ . . . . . . . . . . . . . . . . . . . . . . . . . . . . . 2

ਸਮੇਂ ਦੇ ਆਰ-ਪਾਰ ਇੱਕ ਚਹਿਲਕਦਮੀ . . . . . . . . . . . . . . . . . . . . 3

ਬਰੈਮਪਟਨ ਦੀ ਮਾਣ-ਮੱਤੀ ਵਿਰਾਸਤੀ ਸਮਾਂ-ਰੇਖਾ . . . . . . . . . . . . . . 4

ਬਰੈਮਪਟਨ ਦਾ ਇਤਿਹਾਸ . . . . . . . . . . . . . . . . . . . . . . . . . 6

ਵਿਰਾਸਤੀ ਯਾਦ-ਪੱਥਰ . . . . . . . . . . . . . . . . . . . . . . . . . . 7

ਚਹਿਲਕਦਮੀ ਟੂਰ . . . . . . . . . . . . . . . . . . . . . . . . . . . . 10

ਸਟਾਈਲ ਗਾਈਡ . . . . . . . . . . . . . . . . . . . . . . . . . . . . . 60

ਪੁਸਤਕ ਸੂਚੀ . . . . . . . . . . . . . . . . . . . . . . . . . . . . . . 62

ਸ਼ੁਕਰਾਨੇ . . . . . . . . . . . . . . . . . . . . . . . . . . . . . . . 62

ਯਾਦਾਂ . . . . . . . . . . . . . . . . . . . . . . . . . . . . . . . . 63

ਨਕਸ਼ਾ . . . . . . . . . . . . . . . . . . . . . . . . . . . . . . . . 65

# ਮੇਅਰ ਦਾ ਸੁਨੇਹਾ



ਇਤਿਹਾਸਕ ਡਾਉਨਟਾਉਨ ਬ੍ਰੈਂਪਟਨ ਵਿੱਚ ਜੀ ਆਇਆਂ ਨੂੰ। ਡਾਉਨਟਾਉਨ ਹੈਰੀਟੇਜ ਵਾਕਿੰਗ ਟੂਰ ਦੇ ਨਾਲ ਬ੍ਰੈਂਪਟਨ ਅਤੇ ਇਸਦੇ ਇਤਿਹਾਸ ਬਾਰੇ ਜਾਣੋ। ਇਹ ਪ੍ਰਕਾਸ਼ਨ ਉਹਨਾਂ ਸਾਰੇ ਸਥਾਨਾਂ, ਕਹਾਣੀਆਂ ਅਤੇ ਲੋਕਾਂ ਬਾਰੇ ਦੱਸਦਾ ਹੈ ਜਿਨ੍ਹਾਂ ਨੇ ਸਾਡੇ ਸ਼ਹਿਰ ਦੇ ਸ਼ੁਰੂਆਤੀ ਵਿਕਾਸ ਨੂੰ ਪ੍ਰਭਾਵਿਤ ਕੀਤਾ ਸੀ। ਸੈਰ ਕਰਨ ਲਈ ਦਿਸ਼ਾ-ਨਿਰਦੇਸ਼ਾਂ, ਵਿਸਤ੍ਰਿਤ ਜਾਣਕਾਰੀ ਅਤੇ ਪੁਰਾਣੇ ਸਮੇਂ ਦੇ ਚਿੱਤਰਾਂ ਦੇ ਨਾਲ, ਇਹ ਸਵੈ-ਮਾਰਗਦਰਸ਼ਿਤ ਟੂਰ ਬ੍ਰੈਂਪਟਨ ਦੀ ਸਮਰਿਧ ਵਿਰਾਸਤ ਬਾਰੇ ਜਾਣਨ ਦਾ ਸ਼ਾਨਦਾਰ ਮੌਕਾ ਹੈ।

ਸਿਟੀ ਆਫ ਬ੍ਰੈਂਪਟਨ ਨੂੰ ਆਪਣੇ ਭਾਈਚਾਰੇ ਦੇ ਇਤਿਹਾਸ ਅਤੇ ਵਿਰਾਸਤ ‘ਤੇ ਬਹੁਤ ਮਾਣ ਹੈ। ਜਿਵੇਂ-ਜਿਵੇਂ ਅਸੀਂ ਭਵਿੱਖ ਵਿੱਚ ਜਾਂਦੇ ਹਾਂ, ਸਾਡੇ ਬੀਤੇ ਸਮੇਂ ਦੀ ਸੰਭਾਲ ਸਾਨੂੰ ਮਹੱਤਵਪੂਰਨ ਇਤਿਹਾਸਕ ਅਤੇ ਸੱਭਿਆਚਾਰਕ ਕੜੀਆਂ ਮੁਹੱਈਆ ਕਰਦੀ ਹੈ। ਸਾਡਾ ਵਿਰਾਸਤੀ ਪ੍ਰੋਗਰਾਮ ਵਿਰਾਸਤੀ ਇਮਾਰਤਾਂ, ਭੂ-ਦ੍ਰਿਸ਼ਾਂ ਅਤੇ ਪੁਰਾਤੱਤਵ ਸਰੋਤਾਂ ਦੀ ਪਛਾਣ, ਰੱਖਿਆ ਅਤੇ ਪ੍ਰਚਾਰ ‘ਤੇ ਧਿਆਨ ਕੇਂਦ੍ਰਿਤ ਕਰਦਾ ਹੈ। ਇਹ ਉਹ ਮਹੱਤਵਪੂਰਨ ਸੰਪਤੀਆਂ ਹਨ ਜੋ ਨਾ ਸਿਰਫ ਬ੍ਰੈਂਪਟਨ ਦੀ ਵਿਸ਼ੇਸ਼ ਪਛਾਣ ਅਤੇ ਜੋਸ਼ ਭਰੇ ਮਾਹੌਲ ਵਿੱਚ ਯੋਗਦਾਨ ਪਾਉਂਦੀਆਂ ਹਨ, ਬਲਕਿ ਇੱਕ ਟਿਕਾਊ, ਖ਼ੁਸ਼ਹਾਲ ਅਤੇ ਜੀਉਣਯੋਗ ਸ਼ਹਿਰ ਬਣਾਉਣ ਦਾ ਅਧਾਰ ਮੁਹੱਈਆ ਕਰਦੀਆਂ ਹਨ।

ਯਾਦਾਂ ਦੀ ਸੜਕ ‘ਤੇ ਤੁਰੋ; ਸ਼ਾਨਦਾਰ ਭਵਨ ਨਿਰਮਾਣ ਕਲਾ ਦੀ ਪੜਚੋਲ ਕਰੋ; ਨਵੇਂ ਸੰਵਾਰੇ ਗਏ ਔਲਡਰਲੀ ਨੂੰ ਦੇਖੋ; ਇਤਿਹਾਸ ਵਿੱਚ ਡੁਬਕੀ ਲਗਾਓ। ਡਾਉਨਟਾਉਨ ਬ੍ਰੈਂਪਟਨ ਉਹ ਸਥਾਨ ਹੈ ਜਿੱਥੇ ਇਤਿਹਾਸ ਜਿੰਦਾ ਹੋ ਜਾਂਦਾ ਹੈ।

ਮੇਅਰ ਲਿੰਡਾ ਜੈਫਰੀ (Linda Jeffrey)

# ਸਮੇਂ ਦੇ ਆਰ-ਪਾਰ ਇੱਕ ਚਹਿਲਕਦਮੀ



"ਕਿਉਂਕਿ, ਸੱਚਮੁੱਚ, ਕਿਸੇ ਵੀ ਇਮਾਰਤ ਦੀ ਸਭ ਤੋਂ ਵੱਡੀ ਮਹਿਮਾ ਇਸਦੇ ਪੱਥਰਾਂ ਵਿੱਚ ਨਹੀਂ ਹੁੰਦੀ, ਨਾ ਹੀ ਇਸਦੇ ਸੋਨੇ ਵਿੱਚ ਹੁੰਦੀ ਹੈ। ਇਸਦੀ ਮਹਿਮਾ ਇਸਦੀ ਉਮਰ ਵਿੱਚ ਹੈ, ਅਤੇ ਨਾ ਕੇਵਲ ਸਹਿਮਤੀ ਜਾਂ ਨਿੰਦਾ ਵਿੱਚ ਸਗੋਂ ਤੀਖਣ ਝਾਕਣੀ ਦੀ ਉਸ ਬੁਲੰਦ ਆਵਾਜ਼ ਭਰੀ ਗਹਿਰੀ ਭਾਵਨਾ ਵਿੱਚ ਹੈ, ਜਾਂ ਰਹੱਸਮਈ ਹਮਦਰਦੀ ਵਿੱਚ ਵੀ ਹੈ, ਜਿਸਨੂੰ ਅਸੀਂ ਉਹਨਾਂ ਕੰਧਾਂ ਵਿੱਚ ਮਹਿਸੂਸ ਕਰਦੇ ਹਾਂ ਜੋ ਮਾਨਵਤਾ ਦੇ ਗੁਜ਼ਰ ਜਾਣ ਦੁਆਰਾ ਬਹੁਤ ਸਮਾਂ ਪਹਿਲਾਂ ਧੋ ਦਿੱਤੀਆਂ ਗਈਆਂ ਹਨ।"

- ਜੌਹਨ ਰਸਕਿਨ
(ਲੇਖਕ, ਕਲਾ ਆਲੋਚਕ, ਸਮਾਜਕ ਚਿੰਤਕ)

ਖੁਦ ਦੇ ਮਾਰਗ-ਦਰਸ਼ਨ ਵਾਲੇ ਡਾਊਨਟਾਊਨ ਵਿਰਾਸਤ ਚਹਿਲਕਦਮੀ ਟੂਰ ਦੇ ਨਾਲ ਬਰੈਮਪਟਨ ਦੇ ਇਤਿਹਾਸ 'ਤੇ ਇੱਕ ਸੰਪੂਰਨ ਨਵੀਂ ਝਾਤ ਪਾਓ!

ਇਹ ਆਹਰੇ ਲਾਉਣ ਵਾਲਾ ਟੂਰ ਡਾਊਨਟਾਊਨ ਬਰੈਮਪਟਨ ਦੀ ਵਿਲੱਖਣ ਅਤੇ ਸਜੀਵਤਾ ਨਾਲ ਨਿਰਮਿਤ, ਕੁਦਰਤੀ ਅਤੇ ਸੱਭਿਆਚਾਰਕ ਵਿਰਾਸਤ ਦਾ ਪ੍ਰਦਰਸ਼ਨ ਕਰਦਾ ਹੈ। ਵਿਸਤਰਿਤ, ਚਿਤਰਾਂ ਨਾਲ ਸਜੀ ਗਾਈਡ-ਪੁਸਤਿਕਾ ਤੁਹਾਨੂੰ ਟੂਰ ਨੂੰ ਆਪਣੀ ਚਾਲ ਨਾਲ ਕਰਨ ਦੇ ਯੋਗ ਬਣਾਉਂਦੀ ਹੈ ਚਾਹੇ ਤੁਹਾਡੇ ਕੋਲ ਇੱਕ ਘੰਟਾ ਹੋਵੇ ਜਾਂ ਪੂਰਾ ਦਿਨ। ਇਹ ਪੈਦਲ ਚੱਲਣ ਵਾਸਤੇ ਨਿਰਦੇਸ਼, ਵਿਸਤਰਿਤ ਜਾਣਕਾਰੀ, ਅਤੇ ਹੈਰਾਨਕੁੰਨ ਕਰਨ ਵਾਲੇ ਪੁਰਾਲੇਖੀ ਚਿਤਰ ਪ੍ਰਦਾਨ ਕਰਾਉਂਦੀ ਹੈ।

ਬਰੈਮਪਟਨ ਦੀ ਵਿਲੱਖਣ ਵਿਰਾਸਤ ਹੈ, ਅਤੇ ਇਹ ਖੁਸ਼ਕਿਸਮਤ ਹੈ ਕਿ ਇਸਦੇ ਬਹੁਤ ਸਾਰੇ ਵੰਨ-ਸੁਵੰਨੇ ਵਿਰਾਸਤੀ ਸਥਾਨ ਸ਼ਹਿਰ ਦੇ ਠੀਕ ਕੇਂਦਰ ਵਿੱਚ ਹਨ।

ਇਸ ਟੂਰ ਨੂੰ ਲਗਭਗ 1 ਘੰਟਾ ਅਤੇ 30 ਮਿੰਟ ਲੱਗਦੇ ਹਨ।

# ਬਰੈਮਪਟਨ ਦੀ ਮਾਣ-ਮੱਤੀ ਵਿਰਾਸਤ

## ਸਮਾਂ-ਰੇਖਾ




ਫੋਰ ਕਾਰਨਰਜ਼ ਤੋਂ ਦੱਖਣ ਵੱਲ ਦੇਖਦੇ ਹੋਏ, ਮੇਨ ਸਟਰੀਟ ਦਾ ਦ੍ਰਿਸ਼

**1819** ਰਿਚਰਡ ਬ੍ਰਿਸਟੋਲ ਦੀ ਆਗਵਾਨੀ ਤਹਿਤ ਸਰਵੇਖਣ ਕੀਤੀ ਗਈ ਚਿੰਗੁਆਕਾਊਸੀ ਟਾਊਨਸ਼ਿਪ

**1820** ਸਭ ਤੋਂ ਪਹਿਲੇ ਬਾਸ਼ਿੰਦੇ ਖੇਤਰ ਵਿੱਚ ਪਹੁੰਚੇ, ਜੋ ਬਰੈਮਪਟਨ, ਕੰਬਰਲੈਂਡ, ਉੱਤਰੀ ਇੰਗਲੈਂਡ ਤੋਂ ਆਏ ਸਨ

**1834** ਜੌਹਨ ਈਲੀਅਟ ਪਹਿਲੇ ਨੇ ਇਸ ਧਰਤੀ ਨੂੰ ਬਰੈਮਪਟਨ ਦਾ ਨਾਮ ਦਿੱਤਾ

**1850** ਸੰਯੁਕਤ ਪਿੰਡ ਯੋਜਨਾ ਬਣਾਈ ਗਈ – ਬਰੈਮਪਟਨ ਦੀ ਉਪ-ਮੰਡਲ ਦੀ ਪਹਿਲੀ ਯੋਜਨਾ

**1853** ਬਰੈਮਪਟਨ ਇੱਕ ਪਿੰਡ ਬਣਿਆ ਜਿਸਦੀ ਆਬਾਦੀ 1,000 ਸੀ

**1856** ਬਰੈਮਪਟਨ ਵਿੱਚ ਪਹਿਲੀ ਰੇਲਵੇ ਖੁੱਲ੍ਹੀ (ਗਰੈਂਡ ਟਰੰਕ ਰੇਲਵੇ)

**1867** ਬਰੈਮਪਟਨ ਨੂੰ ਪੀਲ ਕਾਊਂਟੀ ਦੀ ਸੀਟ ਵਜੋਂ ਚੁਣਿਆ ਗਿਆ

**1873** ਬਰੈਮਪਟਨ ਇੱਕ ਕਸਬਾ ਬਣ ਗਿਆ

**1874** ਕਸਬੇ ਦੀ ਪਹਿਲੀ ਚੋਣ – ਜੌਹਨ ਹੈਗਰਟ ਨੂੰ ਬਰੈਮਪਟਨ ਦਾ ਪਹਿਲਾ ਮੇਅਰ ਚੁਣਿਆ ਗਿਆ

**1879** ਕਰੈਡਿਟ ਵਾਲੀ (Credit Valley) ਰੇਲਵੇ ਲਾਈਨ ਖੁੱਲ੍ਹੀ

**1884** ਹੈਗਰਟ ਮਸ਼ੀਨ ਵਰਕਸ ਦੀ ਮਕੈਨਿਕਸ ਨੇ ਬਰੈਮਪਟਨ ਮਕੈਨਿਕਸ ਬੈਂਡ ਬਣਾਇਆ, ਜਿਸਨੂੰ ਅੱਜ ਬਰੈਮਪਟਨ ਕਨਸਰਟ ਬੈਂਡ ਵਜੋਂ ਜਾਣਿਆ ਜਾਂਦਾ ਹੈ

**1885** ਜੇ.ਪੀ. ਹਟਨ ਨੇ ਪਹਿਲੇ ਪਣ-ਬਿਜਲੀ ਪੈਦਾ ਕਰਨ ਵਾਲੇ ਪਲਾਂਟ ਨੂੰ ਖੇਤਰ ਵਿੱਚ ਖੜ੍ਹਾ ਕੀਤਾ, ਜਿਸਨੂੰ ਹਟਨਵਿਲੇ ਵਿਖੇ ਸਥਿਤ ਡੈਮ ਤੋਂ ਸ਼ਕਤੀ ਮਿਲਦੀ ਸੀ

**1903** ਗੇਜ ਪਾਰਕ ਬਰੈਮਪਟਨ ਦਾ ਪਹਿਲਾ ਮਿਊਂਸੀਪਲ ਪਾਰਕ ਬਣਿਆ

**1911** ਬਰੈਮਪਟਨ ਵਿੱਚ ਲਗਾਤਾਰ ਪਣ-ਬਿਜਲੀ ਉਤਪਾਦਨ ਸ਼ੁਰੂ ਹੋਇਆ

1925 ਕੋਂਗਰੀਗੇਸ਼ਨਲ ਚਰਚ ਅਤੇ ਕਈ ਪ੍ਰੈਂਜਬਾਈਟੇਰੀਅਨ ਚਰਚਾਂ, ਯੂਨਾਈਟਡ ਚਰਚ ਆਫ ਕੈਨੇਡਾ ਦਾ ਨਿਰਮਾਣ ਕਰਨ ਲਈ ਮੈਥੋਡਿਸਟ ਚਰਚ ਵਿੱਚ ਮਿਲ਼ ਗਈਆਂ

1929 ਸ਼ੇਅਰ ਬਾਜ਼ਾਰ ਦੇ ਡਿੱਗਣ ਨਾਲ ਭਿਆਨਕ ਮੰਦੀ ਸ਼ੁਰੂ ਹੋਈ

1936 ਲੋਰਨੇ ਰਾਈਫਸ ਅਤੇ ਪੀਲ ਡਫਰਇਨ ਰੈਜੀਮੈਂਟ ਦੇ ਰਲ਼ੇਵੇਂ ਨਾਲ ਲੋਰਨੇ ਸਕਾਟਸ ਮਿਲੀਟੀਆ ਰੈਜੀਮੈਂਟ ਦਾ ਨਿਰਮਾਣ ਹੋਇਆ

1939 ਦੂਜੇ ਵਿਸ਼ਵ ਯੁੱਧ ਦੀ ਸ਼ੁਰੂਆਤ

1940 ਪੀਲ ਵਿੱਚ ਸਿਵਲ ਗਾਰਡ ਦਾ ਨਿਰਮਾਣ

1946 ਵਧਦੀ ਆਬਾਦੀ ਨੂੰ ਸਮੋਣ ਲਈ ਕਈ ਸਾਰੇ ਰਲ਼ੇਵਿਆਂ ਵਿੱਚੋਂ ਪਹਿਲੇ ਰਲ਼ੇਵੇਂ ਵਾਪਰੇ

1948 ਬਰੈਮਪਟਨ ਦੇ ਰਿਕਾਰਡ ਕੀਤੇ ਇਤਿਹਾਸ ਵਿੱਚ ਸਭ ਤੋਂ ਬਦਤਰ ਹੜ੍ਹ

1950 ਵਿਆਂ ਵਿੱਚ, ਚਿੰਗਾਕਾਊਸੀ ਟਾਊਨਸ਼ਿਪ ਦਾ ਭਾਗ, ਬਰੈਮਪਟਨ ਦੇ ਪੂਰਬ ਵੱਲ, ਕੈਨੇਡਾ ਦਾ ਪਹਿਲਾ ਸੈਟੇਲਾਈਟ ਭਾਈਚਾਰਾ –"ਬਰਾਮਾਲੀਆ" ਬਣਿਆ

1950 ਈਟੋਬੀਕੋਕ ਰਿਵਰ ਦਾ ਰੁੱਖ ਮੋੜਨ ਦਾ ਅਮਲ ਜੂਨ 1952 ਵਿੱਚ ਸ਼ੁਰੂ ਹੋਇਆ ਅਤੇ ਜੁਲਾਈ ਵਿੱਚ ਪੂਰਾ ਹੋਇਆ

1954 15 ਅਕਤੂਬਰ ਨੂੰ ਹੇਜ਼ਲ ਚੱਕਰਵਾਤ ਨੇ ਬਰੈਮਪਟਨ ’ਤੇ ਕਹਿਰ ਵਰਤਾਇਆ

1974 ਰੀਜ਼ਨ ਆਫ ਪੀਲ ਦੀ ਸਥਾਪਨਾ ਹੋਈ; ਬਰੈਮਪਟਨ ਨੂੰ 88,820 ਦੀ ਆਬਾਦੀ ਵਾਲੇ ਇੱਕ ਸ਼ਹਿਰ ਵਜੋਂ ਨਿਗਮਿਤ ਕੀਤਾ ਗਿਆ

1999 ਇੱਕ ਨਵੇਂ ਸ਼ਹਿਰ ਵਜੋਂ ਬਰੈਮਪਟਨ ਨੇ ਆਪਣੀ ਸਿਲਵਰ ਵਰ੍ਹੇਗੰਢ ਮਨਾਈ

2003 ਬਰੈਮਪਟਨ ਨੇ ਆਪਣੀ ਡੇਢ ਸੌ ਸਾਲਾ ਵਰੇਗੰਢ ਮਨਾਈ; ਬਰੈਮਪਟਨ ਸ਼ਹਿਰ ਨੇ ਰੌਇਲ ਕੈਨੇਡੀਅਨ ਲੀਜ਼ਨ ਦੀ ਬਰਾਂਚ 15 ਤੋਂ "ਐਲਡਰਲੀਆ" ਨੂੰ ਖਰੀਦਿਆ



20ਵੀਂ ਸਦੀ ਦੇ ਸ਼ੁਰੂ ਵਿੱਚ ਅੱਧ ਅਸਮਾਨੋਂ ਲਿਆ ਗਿਆ ਇਹ ਫੋਟੋ ਗਰੀਨਹਾਊਸਾਂ ਦੀ ਇੱਕ ਵਿਸ਼ਾਲ ਲੜੀ ਨੂੰ ਦਿਖਾਉਂਦਾ ਹੈ ਜੋ ਕਦੇ ਡਾਊਨਟਾਊਨ ਦੇ ਭੂ-ਦ੍ਰਿਸ਼ ਨੂੰ ਚਾਰ ਚੰਨ ਲਾਉਂਦੇ ਸਨ



ਫਾਇਰ ਹਾਲ ਤੋਂ ਇੱਕ ਪੰਛੀ ਦੀ ਅੱਖ ਦੇ ਨਜ਼ਰੀਏ ਤੋਂ ਦ੍ਰਿਸ਼

# ਬਰੈਮਪਟਨ ਦਾ ਇਤਿਹਾਸ



ਈਟੋਬੀਕੋਕ ਦਰਿਆ



ਪੂਰਬ ਵੱਲ ਝਾਕਦੇ ਹੋਏ ਕਵੀਨ ਸਟਰੀਟ

ਲੋਕ ਇਸ ਆਮ ਖੇਤਰ ਵਿੱਚ ਸਦੀਆਂ ਤੋਂ ਰਹਿੰਦੇ ਆ ਰਹੇ ਹਨ। ਸਾਡੀਆਂ ਹੱਦਾਂ ਦੇ ਅੰਦਰ ਲੱਭੇ ਥੇਹ ਵਿਗਿਆਨਕ ਸਬੂਤ ਪੁਸ਼ਟੀ ਕਰਦੇ ਹਨ ਕਿ ਜੱਦੀ ਲੋਕਾਂ ਨੇ ਸ਼ਿਕਾਰ ਕਰਨ ਦੇ ਕੈਂਪਾਂ ਅਤੇ ਛੋਟੇ ਪਿੰਡਾਂ ਨੂੰ ਕਰੈਡਿਟ ਅਤੇ ਹੰਬਰ ਦਰਿਆ ਦੀਆਂ ਘਾਟੀਆਂ ਦੇ ਨਾਲ ਨਾਲ ਈਸਾ ਦੇ ਜਨਮ ਤੋਂ 8000 ਸਾਲ ਪਹਿਲਾਂ ਸਥਾਪਤ ਕੀਤਾ ਸੀ।

ਵਸਣ ਵਾਲੇ ਲੋਕ ਓਨਟਾਰੀਓ ਵਿੱਚ 1780ਵਿਆਂ ਦੇ ਸ਼ੁਰੂ ਵਿੱਚ ਪਹੁੰਚਣੇ ਸ਼ੁਰੂ ਹੋਏ। ਪਰ, 1800ਵਿਆਂ ਦੇ ਸ਼ੁਰੂ ਵਿੱਚ ਵੀ ਬਰੈਮਪਟਨ ਅਜੇ ਵੀ ਜੰਗਲ ਹੀ ਸੀ, ਜੋ ਯੂਰਪੀਅਨ ਵਸੇਬੇ ਤੋਂ ਮੋਟੇ ਤੌਰ ’ਤੇ ਅਛੂਤਾ ਹੀ ਸੀ।

ਕਿਆਸੀ ਜਾਂਦੀ ਆਮਦ ਵਾਸਤੇ ਤਿਆਰ ਕਰਨ ਲਈ, ਚਿੰਗੁਆਕਾਊਸੀ ਅਤੇ ਗੋਰੇ ਟਾਊਨਸ਼ਿਪਾਂ ਵਿਚਲੀਆਂ ਜ਼ਮੀਨਾਂ ਦਾ ਸਰਵੇਖਣ 1818 ਵਿੱਚ ਕੀਤਾ ਗਿਆ ਸੀ। ਸਰਵੇਖਣਕਾਰਾਂ ਨੇ ਇਸ ਖੇਤਰ ਦਾ ਵਰਣਨ ਨੀਵੇਂ, ਦਲਦਲੀ ਅਤੇ ਸੰਘਣੇ ਸਖਤ-ਲੱਕੜੀ ਦੇ ਜੰਗਲ ਵਜੋਂ ਕੀਤਾ। ਜ਼ਮੀਨ ਨੂੰ ਹੌਲੀ ਹੌਲੀ ਸਾਫ਼ ਕੀਤਾ ਗਿਆ ਸੀ, ਕੇਬਨ ਬਣਾਏ ਗਏ, ਅਤੇ ਖੇਤ ਸਥਾਪਤ ਕੀਤੇ ਗਏ।

ਆਧੁਨਿਕ ਬਰੈਮਪਟਨ ਸ਼ਹਿਰ ਦਾ ਇਤਿਹਾਸਕ ਦਿਲ ਹਮੇਸ਼ਾ ਤੋਂ ਹੀ ਕਵੀਨ ਅਤੇ ਮੇਨ ਸਟਰੀਟਾਂ ਦਾ ਚੌਂਕ ਰਿਹਾ ਹੈ, ਜਿਸਨੂੰ ਬਾਅਦ ਵਿੱਚ “ਫੋਰ ਕਾਰਨਰਜ਼” ਵਜੋਂ ਜਾਣਿਆ ਗਿਆ। ਇਹ ਸ਼ਹਿਰੀ ਫੋਕਲ ਪੁਆਇੰਟ 1820ਵਿਆਂ ਤੋਂ ਲੈਕੇ ਹੋਂਦ ਵਿੱਚ ਹੈ। ਮਾਰਟਿਨ ਸਾਲਿਸਬੱਰੀ ਨੇ 1822 ਵਿੱਚ ਮੇਨ ਸਟਰੀਟ ’ਤੇ ਇੱਕ ਸਰਾਂ ਖੋਲ੍ਹੀ ਸੀ, ਅਤੇ 1830ਵਿਆਂ ਦੇ ਸ਼ੁਰੂ ਵਿੱਚ, ਵਿਲੀਅਮ ਬੱਫੀ ਨੇ “ਫੋਰ ਕਾਰਨਰਜ਼” ਵਿਖੇ ਇੱਕ ਸਰਾਂ ਖੋਲ੍ਹੀ ਸੀ। ਇਹ ਖੇਤਰ ਜਲਦੀ ਹੀ ਇੱਕ ਚੌਂਕ ਵਸੇਬਾ ਬਣ ਗਿਆ ਜਿਸਨੂੰ ਬਹੁਤੇ ਲੋਕ “ਬੱਫੀਜ਼ ਕਾਰਨਰਜ਼” ਵਜੋਂ ਜਾਣਦੇ ਸਨ। ਇਸ ਸਮੇਂ ਕੇਵਲ ਮੁੱਠੀ ਭਰ ਲੋਕ ਹੀ ਇਸ ਭਾਈਚਾਰੇ ਵਿੱਚ ਰਹਿੰਦੇ ਸਨ।

ਨਵੇਂ ਵਸੇਬੇ ਨੂੰ ਪਰਿਭਾਸ਼ਿਤ ਕਰਨ ਵਾਲੀ ਇੱਕ ਹੋਰ ਖੂਬੀ ਈਟੋਬੀਕੋਕ ਦਰਿਆ ਸੀ। ਦਰਿਆ ਨੇ ਬਰੈਮਪਟਨ ਦੇ ਵਿਕਾਸ ਵਿੱਚ ਭੂਮਿਕਾ ਨਿਭਾਈ, ਪਰ, ਕਿਉਂਕਿ ਹੌਲੀ ਚੱਲਣ ਵਾਲੀ ਅਤੇ ਵਿੰਗ ਵਲ਼ੇਵੇਂ ਖਾਣ ਵਾਲੀ ਧਾਰਾ ਵੱਡੇ ਪੱਧਰ ਦੀਆਂ ਚੱਕੀਆਂ ਦੇ ਕਾਰਜਾਂ ਨੂੰ ਬਣਾਈ ਨਹੀਂ ਸੀ ਰੱਖ ਸਕਦੀ, ਇਸ ਲਈ ਬਰੈਮਪਟਨ ਦੀ ਵਸੋਂ ਵਿੱਚ ਵਾਧਾ ਹੌਲੀ ਹੌਲੀ ਹੋਇਆ।

1820ਵਿਆਂ ਦੇ ਵਿੱਚ, ਜੌਹਨ ਈਲੀਅਟ ਪਿੰਡ ਵਿੱਚ ਵਸ ਗਿਆ। ਉਹ ਅਤੇ ਇੱਕ ਹੋਰ ਵਸਣ ਵਾਲਾ ਜਿਸਦਾ ਨਾਮ ਵਿਲੀਅਮ ਲਾਅਸਨ ਸੀ, ਉਹ ਪ੍ਰੀਮਿਟਿਵ ਮੈਥੋਡਿਸਟ ਲਹਿਰ ਦੇ ਪੱਕੇ ਮੈਂਬਰ ਸਨ, ਅਤੇ ਉਹਨਾਂ ਨੇ ਇਸ ਖੇਤਰ ਵਿੱਚ ਇੱਕ ਮਜ਼ਬੂਤ ਮੈਥੋਡਿਸਟ ਨੂੰ ਸਥਾਪਤ ਕੀਤਾ। ਦੋਨੋਂ ਹੀ ਬਰੈਮਪਟਨ, ਕੰਬਰਲੈਂਡ, ਇੰਗਲੈਂਡ ਤੋਂ ਸਨ। 1834 ਵਿੱਚ, ਉਹਨਾਂ ਨੇ ਆਪਣੇ ਇੰਗਲੈਂਡ ਵਾਲੇ ਘਰ ਦੇ ਮਾਣ ਵਿੱਚ, ਪਿੰਡ ਦਾ ਮੁੜ ਨਾਮਕਰਨ ਬਰੈਮਪਟਨ ਵਜੋਂ ਕੀਤਾ। ਈਲੀਅਟ ਨੇ ਵਿਕਰੀ ਵਾਸਤੇ ਪਿੰਡ ਦੇ ਪਲਾਟਾਂ ਦਾ ਸਰਵੇਖਣ ਵੀ ਕਰਵਾਇਆ ਤਾਂ ਜੋ ਹੋਰ ਵਸਣ ਵਾਲਿਆਂ ਨੂੰ ਆਕਰਸ਼ਿਤ ਕੀਤਾ ਜਾ ਸਕੇ। ਜੌਹਨ ਸਕਾਟ ਨੇ ਧਾਤੂ ਦੇ ਬਰਤਨਾਂ ਵਿੱਚ ਲੱਕੜੀ ਦੀ ਰਾਖ ਦੇ ਇੱਕ ਸੁਮੇਲ ਤੋਂ ਪੋਟਾਸ਼ (ਖੇਤੀਬਾੜੀ ਅਤੇ ਉਦਯੋਗ ਵਿੱਚ ਵਰਤਿਆ ਜਾਂਦਾ ਇੱਕ ਪੋਟਾਸ਼ੀਅਮ ਦਾ ਯੌਗਿਕ) ਪੈਦਾ ਕਰਨ ਲਈ ਪਹਿਲੇ ਉਦਯੋਗਿਕ ਪ੍ਰੋਜੈਕਟ ਨੂੰ ਸਥਾਪਤ ਕੀਤਾ।

1853 ਵਿੱਚ ਬਰੈਮਪਟਨ ਨੂੰ ਅਧਿਕਾਰਿਤ ਤੌਰ 'ਤੇ ਇੱਕ ਪਿੰਡ ਵਜੋਂ ਸ਼ਾਮਲ ਕੀਤਾ ਗਿਆ, ਜਿਸ ਸਮੇਂ ਆਬਾਦੀ ਵਧਕੇ 1,000 ਲੋਕਾਂ ਦੀ ਹੋ ਗਈ ਸੀ। ਇੱਕ ਵਿਆਕਰਣ ਸਕੂਲ, ਡਿਸਟਿੱਲਰੀਆਂ, ਸਟੋਰਾਂ, ਅਤੇ ਜੌਹਨ ਹੈਗਰਟ ਦੀ ਖੇਤੀਬਾੜੀ ਸੰਦਾਂ ਦੀ ਫੈਕਟਰੀ ਦੇ ਨਾਲ ਕਈ ਚਰਚਾਂ ਬਣਾਈਆਂ ਗਈਆਂ ਸਨ। ਸਥਾਨਕ ਆਰਥਿਕਤਾ ਵਿੱਚ ਵਾਧਾ ਹੋ ਰਿਹਾ ਸੀ, ਜਿਸਨੂੰ ਆਸ ਪਾਸ ਦੇ ਖੇਤਾਂ ਅਤੇ ਪੇਂਡੂ ਪੰਡੋਰੀਆਂ ਤੋਂ ਸਮਰਥਨ ਮਿਲ ਰਿਹਾ ਸੀ।

# ਵਿਰਾਸਤੀ ਯਾਦ-ਪੱਥਰ... ਰਸਤੇ ਵਿੱਚ ਇਹਨਾਂ ਨੂੰ ਲੱਭੋ!

ਮਨੋਨੀਤ: ਇੱਕ ਮਿਉਂਸੀਪਲ ਉਪ-ਕਨੂੰਨ ਦੇ ਪਾਸ ਹੋਣ ਨਾਲ, ਵਿਰਾਸਤੀ ਅਹੁਦਾ ਜਿਕਰਯੋਗ ਵਿਰਾਸਤੀ ਜਾਇਦਾਦਾਂ 'ਤੇ ਰਸਮੀ ਜਨਤਕ ਪਛਾਣ ਦੀ ਮੋਹਰ ਲਗਾਉਂਦਾ ਹੈ। ਅਹੁਦਾ ਕਿਸੇ ਦਿੱਤੀ ਹੋਈ ਜਾਇਦਾਦ ਦੀ ਸੱਭਿਆਚਾਰਕ ਮਹੱਤਤਾ ਨੂੰ ਸਪੱਸ਼ਟ ਕਰਦਾ ਹੈ। ਇਹ ਘੋਸ਼ਣਾ ਕਰਦਾ ਹੈ ਕਿ ਕਿਸੇ ਜਾਇਦਾਦ ਦਾ ਵਿਰਾਸਤੀ ਮੁੱਲ ਹੈ ਅਤੇ ਇਹ ਨਿਰੰਤਰ ਸੰਭਾਲ ਅਤੇ ਰੱਖਿਆ ਦੇ ਕਾਬਲ ਹੈ। ਅਹੁਦਾ ਫਹਿ-ਢੇਰੀ ਕੀਤੇ ਜਾਣ ਤੋਂ ਰੱਖਿਆ ਜਾਂ ਗੈਰ-ਹਮਦਰਦਰਾਨਾ ਤਬਦੀਲੀ ਤੋਂ ਰੱਖਿਆ ਦੇ ਉਪਾਅ ਵਜੋਂ ਕਾਰਜ ਕਰਦਾ ਹੈ, ਅਤੇ ਜਾਇਦਾਦ ਵਿੱਚ ਭਵਿੱਖ ਦੀਆਂ ਤਬਦੀਲੀਆਂ ਨੂੰ ਨਿਰਦੇਸ਼ ਦੇਣ ਵਿੱਚ ਮਦਦ ਕਰਦਾ ਹੈ ਤਾਂ ਜੋ ਵਿਰਾਸਤੀ ਮੁੱਲ ਨੂੰ ਬਣਾਈ ਰੱਖਿਆ ਜਾ ਸਕੇ।




ਸੂਚੀਬੱਧ: ਵਿਰਾਸਤ ਸੂਚੀ (Heritage Inventory) ਬਰੈਮਪਟਨ ਸ਼ਹਿਰ ਵਿੱਚ ਇਤਿਹਾਸਕ ਤੌਰ 'ਤੇ, ਭਵਨ-ਨਿਰਮਾਣ ਤੌਰ 'ਤੇ ਅਤੇ ਸੱਭਿਆਚਾਰਕ ਤੌਰ 'ਤੇ ਸਭ ਤੋਂ ਵੱਧ ਮਹੱਤਵਪੂਰਨ ਜਾਇਦਾਦਾਂ ਅਤੇ ਸਥਾਨਾਂ ਦਾ ਇੱਕ ਰਜਿਸਟਰ ਹੈ। ਸੂਚੀ ਦੀ ਵਰਤੋਂ ਬਰੈਮਪਟਨ ਦੇ ਵਿਰਾਸਤੀ ਸਰੋਤਾਂ ਦੀ ਪਛਾਣ ਕਰਨ ਅਤੇ ਇਹਨਾਂ ਨੂੰ ਦਸਤਾਵੇਜ਼ਬੱਧ ਕਰਨ ਅਤੇ ਇਹਨਾਂ ਦੀ ਨਿਰੰਤਰ ਸੰਰੱਖਿਆ ਅਤੇ ਮਜ਼ੇ ਨੂੰ ਉਤਸ਼ਾਹਤ ਕਰਨ ਲਈ ਕੀਤੀ ਜਾਂਦੀ ਹੈ। ਇਹ ਯਕੀਨੀ ਬਣਾਉਣ ਲਈ ਸੂਚੀ ਨੂੰ ਨਿਰੰਤਰ ਅੱਪਡੇਟ ਕੀਤਾ ਜਾਂਦਾ ਹੈ ਕਿ ਇਹ ਤਾਜ਼ੀ ਅਤੇ ਸੰਪੂਰਨ ਬਣੀ ਰਹੇ।




ਸ਼ੁਰੂਆਤੀ ਪੀਲ ਇਤਿਹਾਸਕਾਰ ਜੌਹਨ ਲਿੰਚ ਯਾਦ ਕਰਦਾ ਹੈ "1820 ਦੀ ਬਸੰਤ ਰੁੱਤੇ ਬਰੈਮਪਟਨ ਇੱਕ ਬਹੁਤ ਹੀ ਸੁੰਦਰ ਅਤੇ ਦਿਲਚਸਪ ਸਥਾਨ ਸੀ। ਈਟੋਬੀਕੋਕ ਗਲ਼ੀਆਂ ਵਿੱਚ ਵਿੰਗ ਵਲੇਵੇਂ ਖਾਂਦਾ ਵਗਦਾ ਸੀ, ਇਸਦੇ ਕਿਨਾਰੇ ਲੀਕ ਦੇ ਪੌਦਿਆਂ ਨਾਲ ਹਰੇ-ਭਰੇ ਹੁੰਦੇ ਸਨ, ਪਰ ਉਹਨਾਂ ਨੂੰ ਬਸੰਤ ਦੇ ਸ਼ੁਰੂ ਵਿੱਚ ਲੱਗਣ ਵਾਲੇ ਫੁੱਲ ਲੱਗੇ ਹੁੰਦੇ ਸਨ"

ਗਰੈਂਡ ਟਰੰਕ ਰੇਲਵੇ ਨੇ 1856 ਵਿੱਚ ਬਰੈਮਪਟਨ ਵਿੱਚ ਇੱਕ ਰੇਲ ਲਾਈਨ ਅਤੇ ਸਟੇਸ਼ਨ ਦਾ ਨਿਰਮਾਣ ਕੀਤਾ। ਮੱਧ-ਵਿਕਟੋਰੀਅਨ ਦੌਰ ਦੌਰਾਨ, ਕਿਸੇ ਰੇਲਵੇ ਲਾਈਨ ਦੀ ਆਮਦ ਅਕਸਰ ਆਰਥਿਕ ਹੁਲਾਰੇ ਨੂੰ ਤੂਲ ਦੇ ਦਿੰਦੀ ਸੀ, ਅਤੇ ਬਰੈਮਪਟਨ ਨਾਲ ਵੀ ਅਜਿਹਾ ਹੀ ਹੋਇਆ। 1860ਵਿਆਂ ਤੱਕ, ਪਿੰਡ ਤੇਜ਼ੀ ਨਾਲ ਵਧ ਰਿਹਾ ਸੀ ਅਤੇ 1867 ਵਿੱਚ ਬਰੈਮਪਟਨ ਨੂੰ ਪੀਲ ਕਾਊਂਟੀ ਦੀ ਸੀਟ ਵਾਸਤੇ ਚੁਣਿਆ ਗਿਆ ਸੀ। ਇੱਕ ਕਾਊਂਟੀ ਕੋਰਟਹਾਊਸ, ਜੇਲ੍ਹ ਅਤੇ ਹੋਰ ਜਨਤਕ ਇਮਾਰਤਾਂ ਦਾ ਨਿਰਮਾਣ ਕੀਤਾ ਗਿਆ ਸੀ। ਕੇਨੈੱਥ ਕ੍ਰਿਸਹੋਮ ਨੇ ਪਿੰਡ ਦੇ ਕੇਂਦਰ ਵਿੱਚ ਇੱਕ ਵੱਡੀ ਜਾਗੀਰ, ਐਲਡਰਲੀਆ ਦਾ ਨਿਰਮਾਣ ਕੀਤਾ। ਕੋਰਟਹਾਊਸ ਦੇ ਨੇੜੇ ਹੋਰ ਵੱਡੇ ਘਰ ਬਣਾਏ ਗਏ। ਜ਼ਮੀਨਾਂ ਦੇ ਵਿਸ਼ਾਲ ਟੁਕੜੇ ਜੋ "ਫੋਰ ਕਾਰਨਰਜ਼" ਦੇ ਇਰਦ-ਗਿਰਦ ਸਨ, ਉਹਨਾਂ ਨੂੰ ਕਈ ਨਵੇਂ ਆਉਣ ਵਾਲਿਆਂ ਵਾਸਤੇ ਅੱਗੋਂ ਹੋਰ ਵੰਡ ਦਿੱਤਾ ਗਿਆ। 1873 ਵਿੱਚ ਬਰੈਮਪਟਨ ਨੂੰ ਇੱਕ ਸ਼ਹਿਰ ਵਜੋਂ ਨਿਗਮਿਤ ਕੀਤਾ ਗਿਆ, ਅਤੇ ਜੌਹਨ ਹੈਗਰਟ ਨੂੰ 1874 ਵਿੱਚ ਪਹਿਲੇ ਮੇਅਰ ਵਜੋਂ ਚੁਣਿਆ ਗਿਆ।

1860 ਵਿੱਚ, ਈਡਵਾਰਡ ਡੇਲ ਨੇ ਬਰੈਮਪਟਨ ਵਿੱਚ ਇੱਕ ਫੁੱਲਾਂ ਦੀ ਨਰਸਰੀ ਸਥਾਪਤ ਕੀਤੀ, ਅਤੇ ਕਸਬੇ ਦੇ ਸਭ ਤੋਂ ਨਵੇਂ ਉਦਯੋਗ – ਫੁੱਲਾਂ ਦੀ ਖੇਤੀ, ਵਿੱਚ ਰਾਹ-ਦਸੇਰਾ ਬਣ ਗਿਆ। ਕੁਝ ਕੁ ਸਾਲਾਂ ਅੰਦਰ ਹੀ, ਬਰੈਮਪਟਨ ਨੂੰ "ਕੈਨੇਡਾ ਦਾ ਫੁੱਲਾਂ ਦਾ ਸ਼ਹਿਰ" ਵਜੋਂ ਜਾਣਿਆ ਜਾਣ ਲੱਗਾ ਅਤੇ ਡੇਲਜ਼ ਨਰਸਰੀ ਬਰੈਮਪਟਨ ਦੀ ਸਭ ਤੋਂ ਵੱਡੀ ਰੁਜ਼ਗਾਰਦਾਤਾ ਬਣ ਗਈ। ਸਦੀ ਦੇ ਪਲਟਣ ਤੱਕ, ਸੈਂਕੜੇ ਏਕੜ ਜ਼ਮੀਨ ਉਹਨਾਂ ਗਰੀਨਹਾਊਸਾਂ ਨਾਲ ਭਰ ਗਈ ਜੋ ਕੀਮਤੀ ਆਰਕਿਡ, ਦੋਗਲੇ ਗੁਲਾਬ ਅਤੇ ਕਈ ਹੋਰ ਗੁਣਵਤਾ ਵਾਲੇ ਫੁੱਲ ਉਗਾਉਂਦੇ ਸਨ। ਇਹਨਾਂ ਵਿੱਚੋਂ ਜ਼ਿਆਦਾਤਰ ਫੁੱਲਾਂ ਨੂੰ ਵਿਸ਼ਵਭਰ ਵਿੱਚ ਨਿਰਯਾਤ ਬਾਜ਼ਾਰਾਂ ਵਾਸਤੇ ਉਗਾਇਆ ਜਾਂਦਾ ਸੀ।

20ਵੀਂ ਸਦੀ ਸ਼ਹਿਰ ਵਿੱਚ ਨਵੇਂ ਉਦਯੋਗਾਂ ਨੂੰ ਲੈਕੇ ਆਈ, ਜਿੰਨ੍ਹਾਂ ਵਿੱਚੋਂ ਕਈਆਂ ਦੇ ਰੇਲਵੇ ਲਾਈਨ ਦੇ ਨਾਲ ਝੁੰਡ ਬਣ ਗਏ, ਜਿਸ ਵਿੱਚ ਵਿਲੀਅਮਜ਼ ਸ਼ੂ ਫੈਕਟਰੀ, ਕੋਪਲੈਂਡ-ਚੈਟਰਸਨ ਲੂਜ਼-ਲੀਫ ਬਾਈਂਡਰ ਕੰਪਨੀ ਅਤੇ ਹਿਊਟਸਨ ਸ਼ੂ ਫੈਕਟਰੀ ਵੀ



ਕਾਲਵਰਟ ਦੇ ਗਰੀਨਹਾਊਸਾਂ ਵਿਖੇ ਫੁੱਲਾਂ ਦੀ ਪੈਕਿੰਗ ਵਾਲਾ ਕਮਰਾ

ਸ਼ਾਮਲ ਸੀ। ਵੱਡੀਆਂ ਬੈਂਕਾਂ ਨੇ "ਫੋਰ ਕਾਰਨਰਜ਼" 'ਤੇ ਸ਼ਾਖਾਵਾਂ ਸਥਾਪਤ ਕੀਤੀਆਂ। 1907 ਵਿੱਚ, ਅਮਰੀਕਨ ਉਦਯੋਗਪਤੀ ਐਂਡਰਿਊ ਕਾਰਨੇਗੀ ਨੇ ਕਵੀਨ ਸਟਰੀਟ 'ਤੇ ਇੱਕ ਲਾਇਬਰੇਰੀ ਦੀ ਉਸਾਰੀ ਵਾਸਤੇ ਫ਼ੰਡ ਪ੍ਰਦਾਨ ਕੀਤੇ। 1910 ਤੱਕ, ਕਸਬੇ ਦੀ ਆਬਦੀ 4,000 ਤੱਕ ਪਹੁੰਚ ਗਈ ਸੀ।



ਈਟੋਬੀਕੋਕ ਦਰਿਆ

20ਵੀਂ ਸਦੀ ਦੇ ਪਹਿਲੇ ਅੱਧ ਵਿੱਚ ਬਰੈਮਪਟਨ ਦੇ ਨਾਗਰਿਕਾਂ ਨੇ ਦੋ ਵਿਸ਼ਵ ਯੁੱਧਾਂ ਅਤੇ ਮਹਾਨ ਮੰਦੀ ਨੂੰ ਝੱਲਿਆ। ਇਹਨਾਂ ਵੱਡੀਆਂ ਵਿਸ਼ਵ-ਪੱਧਰੀ ਘਟਨਾਵਾਂ ਨੇ ਅਸਰ ਛੱਡਿਆ। ਕੁਝ ਫੈਕਟਰੀਆਂ ਬੰਦ ਹੋ ਗਈਆਂ ਅਤੇ ਫੁੱਲਾਂ ਦੇ ਉਦਯੋਗ ਵਿੱਚ ਇੱਕ ਧੀਮੀ ਪਰ ਟਿਕਾਊ ਗਿਰਾਵਟ ਸ਼ੁਰੂ ਹੋ ਗਈ।


ਦੱਖਣ ਵੱਲ ਝਾਕਦੇ ਹੋਏ, ਮੇਨ ਸਟਰੀਟ ਉੱਤਰੀ

ਦੂਜੇ ਵਿਸ਼ਵ ਯੁੱਧ ਦੇ ਬਾਅਦ, ਬਰੈਮਪਟਨ ਦਾ ਹੌਲੀ ਹੌਲੀ ਰੁਪਾਂਤਰਣ ਹੋ ਗਿਆ। 1940ਵਿਆਂ ਅਤੇ 1950ਵਿਆਂ ਦੇ ਅੰਤ ਵਿੱਚ, ਮੋਟਰ-ਗੱਡੀਆਂ ਨੇ ਭੂ-ਦ੍ਰਿਸ਼ ਨੂੰ ਬਦਲਣਾ ਸ਼ੁਰੂ ਕੀਤਾ, ਜਿਵੇਂ ਕਿ ਤੇਜ਼ੀ ਨਾਲ ਵਧਦੀ ਸ਼ਹਿਰੀ ਵਸੋਂ ਨੇ ਟੋਰੰਟੋ ਨੂੰ ਬਦਲਣਾ ਸ਼ੁਰੂ ਕੀਤਾ ਸੀ। ਉਦਯੋਗਿਕ ਪ੍ਰੋਜੈਕਟਾਂ ਜਿਵੇਂ ਕਿ ਐਵਰੋ ਐਰੋ (ਨੇੜਲੇ ਮਾਲਟਨ ਵਿੱਚ ਨਿਰਮਿਤ) ਨੇ ਬਰੈਮਪਟਨ ਦੇ ਬਹੁਤ ਸਾਰੇ ਵਾਸੀਆਂ ਨੂੰ ਰੁਜ਼ਗਾਰ ਪ੍ਰਦਾਨ ਕੀਤਾ। ਨਵੇਂ ਉਪ-ਮੰਡਲਾਂ ਦਾ ਵਿਕਾਸ ਹੋਣਾ ਸ਼ੁਰੂ ਹੋਇਆ। 1950ਵਿਆਂ ਦੇ ਅੰਤ ਵਿੱਚ ਬਰਾਮਾਲੀਆ ਦੀ ਸਿਰਜਣਾ ਕੀਤੀ ਗਈ ਅਤੇ ਇਸਨੂੰ "ਕੈਨੇਡਾ ਦੇ ਪਹਿਲੇ ਸੈਟੇਲਾਈਟ ਸਿਟੀ" ਦਾ ਨਾਮ ਦਿੱਤਾ ਗਿਆ। ਬਰਾਮਾਲੀਆ ਇੱਕ ਯੋਜਨਾਬੱਧ ਭਾਈਚਾਰਾ ਸੀ ਜਿਸਨੂੰ ਮਕਾਨਾਂ, ਖਰੀਦਦਾਰੀ ਕੇਂਦਰਾਂ, ਪਾਰਕਾਂ, ਵਪਾਰਕ ਕਾਰੋਬਾਰਾਂ ਅਤੇ ਉਦਯੋਗ ਦਾ ਏਕੀਕਰਨ ਕਰਨ ਦੁਆਰਾ 50,000 ਲੋਕਾਂ ਨੂੰ ਵਸਾਉਣ ਵਾਸਤੇ ਬਣਾਇਆ ਗਿਆ ਸੀ।

ਮਾਰਚ 1948 ਵਿੱਚ, ਬਰੈਮਪਟਨ ਨੇ ਇੱਕ ਤਬਾਹਕੁੰਨ ਹੜ੍ਹ ਨੂੰ ਝੱਲਿਆ ਜਦ ਈਟੋਬੀਕੋਕ ਦਰਿਆ ਆਪਣੇ ਕਿਨਾਰਿਆਂ ਤੋਂ ਬਾਹਰ ਉੱਛਲਣ ਲੱਗਿਆ। ਹਾਲਾਂਕਿ ਦਰਿਆ ਵਿੱਚ ਬਾਰ ਬਾਰ ਹੜ੍ਹ ਆਉਂਦਾ ਸੀ, ਪਰ 1948 ਦੇ ਹੜ੍ਹ ਨੂੰ ਸਭ ਤੋਂ ਬਦਤਰ ਮੰਨਿਆ ਗਿਆ ਸੀ। ਕਸਬੇ ਨੇ ਈਟੋਬੀਕੋਕ ਦਰਿਆ ਦੀ ਦਿਸ਼ਾ ਤੈਅ ਕਰਨ ਲਈ ਅਤੇ ਇਸਦਾ ਰਸਤਾ ਬਦਲਣ ਲਈ ਇੱਕ ਉਤਸ਼ਾਹੀ ਸਿਵਲ ਇੰਜੀਨੀਅਰਿੰਗ ਪ੍ਰੋਜੈਕਟ ਸ਼ੁਰੂ ਕੀਤਾ। ਇੱਕ ਕੰਕਰੀਟ ਪਰਿਵਰਤਨ ਚੈਨਲ ਦੀ ਉਸਾਰੀ ਜੂਨ 1950 ਵਿੱਚ ਸ਼ੁਰੂ ਹੋਈ ਸੀ, ਅਤੇ ਇਸਨੂੰ ਅਧਿਕਾਰਤ ਤੌਰ 'ਤੇ 5 ਜੁਲਾਈ, 1952 ਨੂੰ, ਸਮੁੰਦਰੀ ਤੂਫਾਨ ਹੇਜ਼ਲ ਵਾਸਤੇ ਐਨ ਮੌਕੇ ਤੱਕ ਪੂਰਾ ਕਰ ਲਿਆ ਗਿਆ।

1974 ਵਿੱਚ, ਰੀਜ਼ਨ ਆਫ ਪੀਲ ਦੀ ਸਿਰਜਣਾ ਕੀਤੀ ਗਈ ਅਤੇ ਬਰੈਮਪਟਨ ਇੱਕ ਸ਼ਹਿਰ ਬਣ ਗਿਆ। ਵੱਡੇ-ਪੱਧਰ ਦੇ ਅਤੇ ਮੋਹਰੀ ਰੁਤਬਾ ਰੱਖਣ ਵਾਲੇ ਉਦਯੋਗ ਬਰੈਮਪਟਨ ਵਿੱਚ ਸਥਾਪਤ ਹੋਣੇ ਸ਼ੁਰੂ ਹੋ ਗਏ। 1980ਵਿਆਂ ਅਤੇ 1990 ਵਿਆਂ ਵਿੱਚ, ਵੱਡੇ ਉਪ-ਮੰਡਲ ਉਹਨਾਂ ਜ਼ਮੀਨਾਂ 'ਤੇ ਵਿਕਸਤ ਹੋ ਗਏ ਜਿੰਨ੍ਹਾਂ ਨੂੰ ਪਹਿਲਾਂ ਖੇਤੀਬਾੜੀ ਵਾਸਤੇ ਵਰਤਿਆ ਜਾਂਦਾ ਸੀ। ਸੱਭਿਆਚਾਰਕ ਤੌਰ 'ਤੇ ਵੰਨ-ਸੁਵੰਨਾ ਅਤੇ ਅੱਜ ਦਾ ਥਿਰਕਦਾ ਸ਼ਹਿਰ ਪ੍ਰਗਟ ਹੋ ਰਿਹਾ ਸੀ।

500,000 ਲੋਕਾਂ ਤੋਂ ਵਧੇਰੇ ਦੀ ਆਬਾਦੀ ਦੇ ਨਾਲ, ਬਰੈਮਪਟਨ ਹੁਣ ਕੈਨੇਡਾ ਵਿੱਚ ਸਭ ਤੋਂ ਵੱਡੇ ਸ਼ਹਿਰੀ ਕੇਂਦਰਾਂ ਵਿੱਚ ਸ਼ੁਮਾਰ ਹੈ। ਬਰੈਮਪਟਨ ਦੀ ਸਫਲਤਾ ਦੀਆਂ ਜੜ੍ਹਾਂ ਨੂੰ ਇਸਦੀ ਵਿਰਾਸਤ ਵਿੱਚ ਲੱਭਿਆ ਜਾ ਸਕਦਾ ਹੈ ਜਦੋਂ, ਲਗਭਗ 200 ਸਾਲ ਪਹਿਲਾਂ, ਮੇਹਨਤੀ ਲੋਕਾਂ ਦੇ ਇੱਕ ਗਰੁੱਪ ਨੇ ਕਵੀਨ ਅਤੇ ਮੇਨ ਸਟਰੀਟਾਂ ਦੇ ਚੌਂਕ ਵਿੱਚ ਇੱਕ ਛੋਟੀ ਪੰਡੋਰੀ ਦੀ ਸਥਾਪਨਾ ਕੀਤੀ ਸੀ।

1

# ਐਲਡਰਲੀ (1867)

## 40 ਐਲਿਜ਼ਾਬੈਥ ਸਟਰੀਟ ਦੱਖਣ



ਐਲਡਰਲੀ ਆਪਣੇ ਮੂਲ ਰੂਪ ਵਿੱਚ

## ਦਿਸ਼ਾ ਨਿਰਦੇਸ਼

ਆਪਣੀ ਪੈਦਲ ਯਾਤਰਾ ਐਲਡਰਲੀ ਵਿਖੇ ਸ਼ੁਰੂ ਕਰੋ, ਜੋ ਗੇਜ਼ ਪਾਰਕ ਦੇ ਉੱਤਰ-ਪੱਛਮੀ ਕੋਨੇ 'ਤੇ ਸਥਿਤ ਪੌੜੀਆਂ ਦੇ ਸਿਖਰ 'ਤੇ ਸਥਿਤ ਵੱਡੀ, ਬਦਾਮੀ ਰੰਗੀਆਂ ਇੱਟਾਂ ਦੀ ਬਣੀ ਹਵੇਲੀ ਹੈ, ਅਤੇ ਐਲਿਜ਼ਾਬੈਥ ਸਟਰੀਟ ਦੱਖਣੀ ਦੇ ਨਾਲ ਕਰਕੇ ਹੈ। ਅਗਲੀ ਮੰਜਿਲ 'ਤੇ ਪਹੁੰਚਣ ਲਈ, ਪੌੜੀਆਂ ਤੋਂ ਥੱਲੇ ਉੱਤਰਕੇ ਆਓ ਅਤੇ ਪੈਦਲ-ਰਸਤੇ 'ਤੇ ਸੱਜੇ ਪਾਸੇ ਮੁੜ ਜਾਓ। ਜਿਵੇਂ ਜਿਵੇਂ ਤੁਸੀਂ ਪੈਦਲ-ਰਸਤੇ 'ਤੇ ਚਹਿਲਕਦਮੀ ਕਰਦੇ ਹੋ, ਸੱਜੇ ਪਾਸੇ ਦੀਆਂ ਇਮਾਰਤਾਂ ਤੋਂ ਥੋੜ੍ਹਾ ਜਿਹੇ ਪਰ੍ਹੇ, ਦਰੱਖਤਾਂ ਦੇ ਵਿਚਕਾਰ, ਤੁਸੀਂ ਡੋਮੀਨੀਅਨ ਬੈੱਲ ਨੂੰ ਦੇਖੋਗੇ।

ਐਲਡਰਲੀ, ਜਿਸਦਾ ਮਤਲਬ ਐਲਡਰ ਦੇ ਰੁੱਖਾਂ ਦੀ ਇੱਕ ਚਰਾਗਾਹ ਹੈ, ਇੱਕ ਬੇਹੱਦ ਚੰਗੀ ਤਰ੍ਹਾਂ ਸਾਂਭੀ ਵਿਰਾਸਤੀ ਇਮਾਰਤ ਹੈ, ਜਿਸਨੂੰ ਵਿਕਟੋਰੀਅਨ ਦੌਰ ਦੇ ਸਿਖਰ 'ਤੇ 1867 ਵਿੱਚ ਬਣਾਇਆ ਗਿਆ ਸੀ। ਇਹ ਓਨਟਾਰੀਓ ਵਿੱਚ ਇਤਾਲਵੀ ਬੰਗਲੇ ਦੇ ਭਵਨ-ਨਿਰਮਾਣ ਦੀਆਂ ਸਭ ਤੋਂ ਵਧੀਆ ਉਦਾਹਰਨਾਂ ਵਿੱਚੋਂ ਇੱਕ ਹੈ। ਗੇਜ਼ ਪਾਰਕ ਦੇ ਉੱਪਰੋਂ ਦੀ ਦੇਖਦੇ ਹੋਏ, ਇਹ ਜਾਇਦਾਦ ਇੱਕ ਉੱਚੇ ਟੈਰੇਸ 'ਤੇ ਬਹੁਤ ਵੱਡੇ ਭੂ-ਚਿੰਨ੍ਹ ਦੀ ਹਸਤੀ ਰੱਖਦੀ ਹੈ। ਐਲਡਰਲੀ ਦਾ ਮੂਲ ਮਾਲਕ ਕੇਨੈੱਥ ਕ੍ਰਿਸਹੋਮ ਸੀ, ਜੋ ਬਰੈਮਪਟਨ ਦੇ ਸਭ ਤੋਂ ਵੱਧ ਅਹਿਮ ਨਾਗਰਿਕਾਂ ਵਿੱਚੋਂ ਇੱਕ ਸੀ। ਕ੍ਰਿਸਹੋਮ ਸੂਬਾਈ ਵਿਧਾਨ ਸਭਾ ਦਾ ਮੈਂਬਰ ਸੀ ਅਤੇ ਕਈ ਸਫਲ ਕਾਰੋਬਾਰਾਂ ਦਾ ਮਾਲਕ ਸੀ, ਜਿੰਨ੍ਹਾਂ ਵਿੱਚ ਇੱਕ ਖੁਸ਼ਕ ਵਸਤੂਆਂ ਦਾ ਸਟੋਰ ਅਤੇ ਫੋਰਕਸ ਆਫ ਦਾ ਕਰੈਡਿਟ ਵਿਖੇ ਇੱਕ ਸੈਂਡਸਟੋਨ ਦੀ ਖਾਣ ਸੀ।



ਕੁਮਬਜ਼ ਪਰਿਵਾਰਕ ਫੋਟੋਗਰਾਫ਼ ਸੰਕਲਨ

## ਐਲਡਰ ਦੇ ਰੁੱਖ

ਐਲਡਰ ਦੇ ਰੁੱਖ (genus Alnus) ਬਿਰਚ ਸ਼੍ਰੇਣੀ ਨਾਲ ਸਬੰਧ ਰੱਖਦੇ ਹਨ। ਗਿਆਤ 30 ਕਿਸਮਾਂ ਮੁੱਖ ਤੌਰ 'ਤੇ ਉੱਤਰੀ ਅਰਧ-ਗੋਲ਼ੇ ਵਿੱਚ ਪਾਈਆਂ ਜਾਂਦੀਆਂ ਹਨ; ਇਹਨਾਂ ਵਿੱਚੋਂ ਤਿੰਨ ਕੈਨੇਡਾ ਦੀਆਂ ਜੱਦੀ ਕਿਸਮਾਂ ਹਨ। ਇਹ ਸਿੱਲ੍ਹੀਆਂ ਹਾਲਤਾਂ ਨੂੰ ਤਰਜੀਹ ਦਿੰਦੇ ਹਨ, ਅਤੇ ਅਜਿਹੀ ਸੰਭਾਵਨਾ ਹੈ ਕਿ ਕ੍ਰਿਸਹੋਮ ਦੀ ਜਾਗੀਰ ਦੀ ਈਟੋਬੀਕੋਕ ਦਰਿਆ ਨਾਲ ਨੇੜਤਾ ਐਲਡਰ ਰੁੱਖਾਂ ਦੀ ਮੌਜੂਦਗੀ ਦਾ ਕਾਰਨ ਬਣੀ।

1944 ਵਿੱਚ, ਰੌਇਲ ਕੈਨੇਡੀਅਨ ਲੀਜ਼ਨ ਨੇ ਇਹ ਜਾਣਦੇ ਹੋਏ *ਐਲਡਰਲੀ* ਨੂੰ ਖਰੀਦ ਲਿਆ ਕਿ ਉਹਨਾਂ ਨੂੰ ਦੂਜੇ ਵਿਸ਼ਵ ਯੁੱਧ ਦੇ ਅੰਤ ਬਾਅਦ ਵਿਸਤਾਰ ਕੀਤੀਆਂ ਸੁਵਿਧਾਵਾਂ ਦੀ ਲੋੜ ਹੋਵੇਗੀ। 1947 ਵਿੱਚ, ਲੀਜ਼ਨ ਨੇ ਇਸ ਮਕਾਨ ਵਿੱਚ ਇੱਕ ਵੱਡੀ ਦੋ-ਮੰਜਲੀ ਇਮਾਰਤ ਨੂੰ ਜੋੜ ਦਿੱਤਾ। ਬਰੈਮਪਟਨ ਸ਼ਹਿਰ ਨੇ 2003 ਵਿੱਚ ਇਸ ਮਕਾਨ ਨੂੰ ਖਰੀਦ ਲਿਆ, ਅਤੇ ਵਰਤਮਾਨ ਸਮੇਂ ਬਰੈਮਪਟਨ ਦੇ ਇਸ ਭੂ-ਚਿੰਨ੍ਹ ਨੂੰ ਇਸਦੇ ਮੂਲ ਰੂਪ ਵਿੱਚ ਵਾਪਸ ਲਿਆਂਦਾ ਜਾ ਰਿਹਾ ਹੈ।

### ਭਵਨ-ਨਿਰਮਾਣ ਸ਼ਬਦਾਵਲੀ



**ਬੇਲਵਡੀਅਰ** – ਇੱਕ ਭਵਨ-ਨਿਰਮਾਣ ਸਬੰਧਿਤ ਸ਼ਬਦ ਜੋ ਇਤਾਲਵੀ ਭਾਸ਼ਾ ਤੋਂ ਲਿਆ ਗਿਆ ਹੈ (ਸ਼ਾਬਦਿਕ ਅਰਥ "ਉਚਿਤ ਦ੍ਰਿਸ਼ਟੀਕੋਣ"), ਜੋ ਕਿਸੇ ਇਮਾਰਤ ਦੇ ਉੱਪਰਲੇ ਭਾਗ ਵਿੱਚ ਬਣਾਏ ਕਿਸੇ ਭਵਨ-ਨਿਰਮਾਣ ਢਾਂਚੇ ਵੱਲ ਸੰਕੇਤ ਕਰਦਾ ਹੈ ਤਾਂ ਜੋ ਵਧੀਆ ਦ੍ਰਿਸ਼ਟੀਕੋਣ ਮਿਲ ਸਕੇ।



ਇਸ 1919 ਦੇ ਅੱਧ-ਅਸਮਾਨੇਂ ਲਏ ਗਏ ਫੋਟੋਗਰਾਫ ਦੇ ਸੱਜੇ ਪਾਸੇ, ਆਪਣੇ ਹਰੇ-ਕਚੂਰ ਰੁੱਖਾਂ ਦੇ ਚੰਦੋਏ ਅਤੇ ਆਕਰਸ਼ਕ ਗਰੀਨਹਾਊਸ ਨਾਲ ਕ੍ਰਿਸਹੋਮ ਜਾਗੀਰ ਨੂੰ ਦੇਖਿਆ ਜਾ ਸਕਦਾ ਹੈ।



1877 ਦਾ *ਐਲਡਰਲੀ* ਦਾ ਇਹ ਸਕੈੱਚ ਉੱਘੜਵੇਂ ਘਰ ਅਤੇ ਨਾਲ ਲੱਗਦੇ ਗਰੀਨਹਾਊਸ ਦੇ ਨਾਲ ਜਾਗੀਰ ਦੀ ਜਾਇਦਾਦ ਨੂੰ ਦਿਖਾਉਂਦਾ ਹੈ ਜੋ ਉਸ ਜਗਹ ਵੱਲੋਂ ਝਾਤ ਪਾ ਰਿਹਾ ਹੈ ਜਿੱਥੇ ਅੱਜ ਗੇਜ਼ ਪਾਰਕ ਹੈ।

2

# ਡੋਮੀਨੀਅਨ ਬੈੱਲ
## ਗੇਜ਼ ਪਾਰਕ






### ਦਿਸ਼ਾ ਨਿਰਦੇਸ਼

ਮੇਨ ਸਟਰੀਟ ਦੱਖਣੀ ਅਤੇ ਵਲਿੰਘਟਨ ਸਟਰੀਟ ਦੇ ਕੋਨੇ 'ਤੇ ਸਫੈਦ ਗੇਟਾਂ ਵੱਲ ਚੱਲਣਾ ਜਾਰੀ ਰੱਖੋ। ਬਾਹਰ ਨਿਕਲਣ ਤੋਂ ਪਹਿਲਾਂ, ਮੁੜੋ ਅਤੇ ਗੇਜ਼ ਪਾਰਕ ਦੀ ਇੱਕ ਵਾਰ ਫੇਰ ਸ਼ਲਾਘਾ ਕਰੋ।

ਇਸ ਘੰਟੀ ਨੂੰ 8 ਕਵੀਨ ਸਟਰੀਟ ਪੂਰਬ ਵਿਖੇ ਸਥਿਤ ਡੋਮੀਨੀਅਨ ਬਿਲਡਿੰਗ ਵਿੱਚ 1913 ਵਿੱਚ ਸਥਾਪਤ ਕੀਤਾ ਗਿਆ ਸੀ। ਲਫਬਰੋ, ਲਿਸੈਸਟਰ, ਇੰਗਲੈਂਡ ਦੀ ਜੌਹਨ ਟੇਲਰ ਅਤੇ ਕੰਪਨੀ ਨੇ ਇਸ ਘੰਟੀ ਨੂੰ ਘੜਿਆ ਸੀ। ਬਰੈਮਪਟਨ ਕਸਬੇ ਦੇ 1873 – 1973 ਦੇ ਸੌ ਸਾਲਾਂ ਜਸ਼ਨ ਵਿੱਚ ਆਪਣੇ ਯੋਗਦਾਨ ਦੇ ਭਾਗ ਵਜੋਂ ਬੈਨਸਨ ਐਂਡ ਹੈਜਿਸ ਟੋਬਾਕੋ ਕੰਪਨੀ ਦੁਆਰਾ ਇਸ ਘੰਟੀ ਨੂੰ ਘੰਟਾ ਘਰ ਤੋਂ ਉਤਾਰਿਆ ਗਿਆ ਸੀ, ਮੁੜ ਪਹਿਲਾਂ ਵਾਲੇ ਰੂਪ ਵਿੱਚ ਲਿਆਂਦਾ ਗਿਆ ਸੀ ਅਤੇ ਇਸ ਟਿਕਾਣੇ 'ਤੇ ਸਥਾਪਤ ਕੀਤਾ ਗਿਆ ਸੀ।



# 3 ਵੈਟਰਨਜ਼ ਮੋਨੂਮੈਂਟ (2005)

## ਗੇਜ਼ ਪਾਰਕ



### ਦਿਸ਼ਾ ਨਿਰਦੇਸ਼

ਸੱਜੇ ਪਾਸੇ ਮੁੜੋ ਅਤੇ ਗੇਜ਼ ਪਾਰਕ ਦੀਆਂ ਇਮਾਰਤਾਂ ਤੋਂ ਅੱਗੇ ਟਰੈਕ ਦੇ ਨਾਲ ਨਾਲ ਚੱਲੋ। ਤੁਹਾਡੇ ਸੱਜੇ ਪਾਸੇ ਦੀਆਂ ਇਮਾਰਤਾਂ ਤੋਂ ਥੋੜ੍ਹਾ ਜਿਹਾ ਪਰ੍ਹੇ, ਰੁੱਖਾਂ ਦੇ ਵਿਚਕਾਰ ਤੁਸੀਂ ਡੋਮੀਨੀਅਨ ਬੈੱਲ ਨੂੰ ਦੇਖੋਂਗੇ।

ਵੈਟਰਨ ਦੀ ਨਕਾਸ਼ੀ ਕਲਾਕਾਰ ਜਿਮ ਮੇਨਕੇਨ ਦੁਆਰਾ ਨੈਸ਼ਨਲ ਯੀਅਰ ਆਫ ਦਾ ਵੈਟਰਨ ਦੇ ਮਾਣ ਵਜੋਂ ਕੀਤੀ ਗਈ ਸੀ। ਇਹ ਬਰੈਮਪਟਨ ਵਸਨੀਕ ਬੈੱਲ ਬੈੱਟਰਿੱਜ ਨੂੰ ਆਦਰਸ਼ ਰੱਖਕੇ ਬਣਾਇਆ ਗਿਆ ਹੈ, ਜੋ ਦੂਜੇ ਵਿਸ਼ਵ ਯੁੱਧ ਦਾ ਇੱਕ ਸਨਮਾਨਿਤ ਫੌਜੀ ਸੀ ਅਤੇ ਆਪਰੇਸ਼ਨ ਓਵਰਲੋਡ, ਅਤੇ ਨੋਰਮੈਂਡੀ, ਫਰਾਂਸ ਵਿੱਚ ਡੀ-ਡੇਅ ਨੂੰ ਹੋਈ ਲੈਂਡਿੰਗ ਵਿੱਚੋਂ ਬਚ ਨਿਕਲਿਆ ਸੀ, ਜਿਸਦਾ ਸਿੱਟਾ ਯੁੱਧ ਦੀ ਸਮਾਪਤੀ ਦੇ ਰੂਪ ਵਿੱਚ ਨਿਕਲਿਆ ਸੀ। ਇਹ ਸਮਾਰਕ ਉਹਨਾਂ ਮਰਦਾਂ ਅਤੇ ਔਰਤਾਂ ਨੂੰ ਖਾਮੋਸ਼ ਸ਼ਰਧਾਂਜਲੀ ਦਿੰਦਾ ਹੈ ਜਿੰਨ੍ਹਾਂ ਨੇ ਸਾਡੀ ਕੌਮ ਦੀ ਵਿਸ਼ਵ ਭਰ ਵਿੱਚ ਯੁੱਧਾਂ ਵਿੱਚ ਅਤੇ ਸ਼ਾਂਤੀ ਬਣਾਈ ਰੱਖਣ ਦੇ ਮਿਸ਼ਨਾਂ ਵਿੱਚ ਸੇਵਾ ਕੀਤੀ, ਅਤੇ ਕਰ ਰਹੇ ਹਨ। ਦਾ ਵੈਟਰਨ ਬਰੈਮਪਟਨ ਸੈਨੋਟੈਫ ਵੱਲ ਝਾਕਦਾ ਹੈ, ਜੋ ਸਾਡੇ ਸਾਰਿਆਂ ਲਈ ਇਸ ਗੱਲ ਦੀ ਯਾਦ-ਦਹਾਨੀ ਹੈ ਕਿ ਸੇਵਾ, ਬਲੀਦਾਨ ਅਤੇ ਸਾਰੇ ਸਾਬਕਾਂ ਫੌਜੀਆਂ ਦੀ ਯਾਦ ਨੂੰ ਮਾਣ ਦੇਣਾ ਸਾਡੇ ਸਾਰਿਆਂ ਦਾ ਕਰੱਤਵ ਹੈ।



ਸਾਬਕਾ ਸੈਨਿਕ ਬਿੱਲ ਬੈੱਟਰਿੱਜ – ਜਿਸਨੂੰ ਆਦਰਸ਼ ਮੰਨਕੇ ਇਹ ਬੁੱਤ ਘੜਿਆ ਗਿਆ ਸੀ – ਮੂਲ ਸਮਾਰਕ ਦੇ ਨਾਲ ਖੜ੍ਹੇ ਹੁੰਦੇ ਹੋਏ।

ਮੂਲ ਸਮਾਰਕ ਨੂੰ 2005 ਵਿੱਚ ਕਿਸੇ ਮਰ ਰਹੇ ਲਾਲ ਰੰਗ ਦੇ ਓਕ ਰੁੱਖ ਤੋਂ ਤਰਾਸ਼ਿਆ ਗਿਆ ਸੀ ਜੋ ਐਲਡਰਲੀਆ ਅਤੇ ਗੇਜ਼ ਪਾਰਕ ਵਿਚਕਾਰ ਇੱਕ ਸਦੀ ਤੋਂ ਵਧੇਰੇ ਸਮੇਂ ਤੋਂ ਖੜ੍ਹਾ ਸੀ। ਰੁੱਖ ਦੀ ਜੜ ਪ੍ਰਣਾਲੀ ਦੁਆਰਾ ਪਾਣੀ ਨੂੰ ਕੁਦਰਤੀ ਰੂਪ ਵਿੱਚ ਸੋਖੇ ਜਾਣ ਕਰਕੇ ਹੋਏ ਨੁਕਸਾਨ ਦੇ ਕਰਕੇ, ਮੂਲ ਸਮਾਰਕ ਨੂੰ 2012 ਵਿੱਚ ਹਟਾ ਦਿੱਤਾ ਗਿਆ ਸੀ ਅਤੇ ਇੱਕ ਨਵੇਂ ਤਰਾਸ਼ੇ ਬੁੱਤ ਦੀ ਸਿਰਜਣਾ ਕੀਤੀ ਗਈ ਸੀ ਅਤੇ ਇਸਨੂੰ ਇੱਕ ਸੀਮੈਂਟ ਦੇ ਆਧਾਰ ’ਤੇ ਰੱਖਿਆ ਗਿਆ ਸੀ ਤਾਂ ਜੋ ਨਕਾਸ਼ੀ ਦੀ ਭਵਿੱਖ ਵਿੱਚ ਅਖੰਡਤਾ ਨੂੰ ਯਕੀਨੀ ਬਣਾਇਆ ਜਾ ਸਕੇ।

# 4 ਗੇਜ਼ ਪਾਰਕ



## ਦਿਸ਼ਾ ਨਿਰਦੇਸ਼

ਮੇਨ ਸਟਰੀਟ ਨੂੰ ਪਾਰ ਕਰੋ ਅਤੇ ਸੱਜੇ ਪਾਸੇ ਮੁੜ ਜਾਓ, ਅਤੇ ਤੁਹਾਡੇ ਖੱਬੇ ਹੱਥ ਸਟੋਰਕ ਰੈਜੀਡੈਂਸ (ਵਰਤਮਾਨ ਸਮੇਂ ਵਾਰਡ ਫਿਊਨਰਲ ਹੋਮ) ਵੱਲ ਤੁਰਦੇ ਜਾਓ।

ਬਹੁਤ ਸਾਰੇ ਸਾਲਾਂ ਤੱਕ ਬਰੈਮਪਟਨ ਬਿਨਾਂ ਕਿਸੇ ਜਨਤਕ ਪਾਰਕ ਦੇ ਜਿੰਦਾ ਰਿਹਾ। ਜਨਤਕ ਜਸ਼ਨ ਅਤੇ ਵੱਡੇ ਇਕੱਠ ਜਾਂ ਤਾਂ ਈਲੀਅਟ ਸਟਰੀਟ ’ਤੇ ਫੇਅਰ ਗਰਾਊਂਡਜ਼ ਵਿਖੇ ਕੀਤੇ ਜਾਂਦੇ ਸਨ ਜਾਂ ਫਿਰ ਰੋਜ਼ਾਲੀਆ ਪਾਰਕ ਦੇ ਐਥਲੈਟਿਕ ਗਰਾਊਂਡਾਂ ’ਤੇ, ਪਰ ਦੋਨਾਂ ਨੂੰ ਹੀ ਕਸਬੇ ਦੇ ਕੇਂਦਰ ਤੋਂ ਦੂਰ ਸਮਝਿਆ ਜਾਂਦਾ ਸੀ ਅਤੇ ਇਹਨਾਂ ਵਿੱਚ ਰੁੱਖਾਂ ਦੀ ਛਾਂ ਦੀ ਕਮੀ ਸੀ। ਕਬਰਸਤਾਨ ਵਿੱਚ ਇੱਕ ਪਾਰਕ ਫੰਕਸ਼ਨ ਵੀ ਸੀ।

1902 ਵਿੱਚ ਬਰੈਮਪਟਨ ਕਸਬੇ ਨੇ, ਕ੍ਰਿਸਹੋਮ ਜਾਗੀਰ, ਐਲਡਰਲੀਆ ਦੇ ਮੈਦਾਨਾਂ ਤੋਂ 2.4 ਏਕੜ ਜ਼ਮੀਨ ਖਰੀਦੀ। ਉਸੇ ਸਾਲ, ਵਿਲੀਅਮ ਜੇ. ਗੇਜ਼ ਨੇ ਈਲੀਅਟ ਜਾਗੀਰ ਤੋਂ 3.25 ਏਕੜ ਦਾ ਇੱਕ ਟੁਕੜਾ ਖਰੀਦਿਆ ਜੋ ਐਲਡਰਲੀਆ ਦੇ ਨੇੜੇ ਠੀਕ ਉੱਤਰ ਵੱਲ ਸੀ। ਉਸਨੇ ਸੁਝਾਏ ਗਏ ਪਾਰਕ ਵਿੱਚ 1.7 ਏਕੜ ਸ਼ਾਮਲ ਕੀਤੇ ਜਾਣ ਦੀ ਪੇਸ਼ਕਸ਼ ਕੀਤੀ। ਬਰੈਮਪਟਨ ਦੇ ਵਸਨੀਕਾਂ ਨੇ ਖੁੱਲ੍ਹਦਿਲੀ ਨਾਲ ਇੱਕ ਪਾਰਕ ਦੀ ਲੋੜ ਦਾ ਸਮਰਥਨ ਕੀਤਾ, ਅਤੇ $1,054 ਇਕੱਠੇ ਕੀਤੇ ਤਾਂ ਜੋ ਖੇਤਰ ਨੂੰ ਪੂਰਾ ਕਰਨ ਲਈ ਵਾਧੂ ਜ਼ਮੀਨ ਨੂੰ ਖਰੀਦਿਆ ਜਾ ਸਕੇ।

ਇੱਕ ਪਾਰਕ ਕਮੇਟੀ ਨਿਯੁਕਤ ਕੀਤੀ ਗਈ ਸੀ, ਜਿਸ ਵਿੱਚ ਕਸਬਾ ਸੰਮਤੀ ਦੇ ਮੈਂਬਰ ਸ਼ਾਮਲ ਸਨ। ਬਹੁਤ ਸਾਰੇ ਰੁੱਖਾਂ ਨੂੰ ਪੁੱਟ ਦਿੱਤਾ ਗਿਆ ਸੀ, ਰੋੜੀਦਾਰ ਪੈਦਲ ਰਸਤੇ







ਕਈ ਸਾਲਾਂ ਦੌਰਾਨ ਲਏ ਗੇਜ਼ ਪਾਰਕ ਦੇ ਬਹੁਤ ਸਾਰੇ ਫੋਟੋ

ਤਿਆਰ ਕੀਤੇ ਗਏ, ਰੁੱਖਾਂ ਹੇਠਾਂ ਉੱਗੇ ਸਾਰੇ ਘਾਹ ਨੂੰ ਹਟਾ ਦਿੱਤਾ ਗਿਆ ਅਤੇ ਜ਼ਮੀਨ ਨੂੰ ਪੱਧਰੀ ਕਰਕੇ ਬੀਜ ਦਿੱਤਾ ਗਿਆ ਸੀ। ਡਬਲਿਊ. ਜੇ. ਗੇਜ਼ ਨੇ ਪਾਰਕ ਨੂੰ ਡੋਮੀਨੀਅਨ ਡੇਅ ਵਾਲੇ ਦਿਨ (ਕੈਨੇਡਾ ਦਿਵਸ), 1903 ਨੂੰ ਖੋਲ੍ਹਿਆ।

ਆਉਣ ਵਾਲੇ ਸਾਲਾਂ ਦੌਰਾਨ, ਇੱਕ ਬੈਂਡਸਟੈਂਡ ਖੜ੍ਹਾ ਕੀਤਾ ਗਿਆ ਅਤੇ ਹੌਰਟੀਕਲਚਰ ਸੋਸਾਇਟੀ ਨੇ ਸਵੈ-ਇੱਛਾ ਨਾਲ ਆਮ ਜਨਤਾ ਦੀ ਜਾਣਕਾਰੀ ਵਾਸਤੇ ਸਾਰੇ ਰੁੱਖਾਂ 'ਤੇ ਲੇਬਲ ਲਾਉਣ ਦਾ ਬੀੜਾ ਚੁੱਕਿਆ। 1955 ਵਿੱਚ, ਕਿਨਸਮੈੱਨਜ਼ ਕਲੱਬ ਆਫ ਬਰੈਮਪਟਨ ਨੇ ਇੱਕ ਵੇਡਿੰਗ ਪੂਲ ਨੂੰ ਸ਼ਾਮਲ ਕੀਤਾ, ਅਤੇ 1971 ਵਿੱਚ ਬਰੈਮਪਟਨ ਨੇ ਬੈਨਸਨ ਐਂਡ ਹੈਜਿਸ ਟੋਬੈਕੋ ਕੰਪਨੀ ਤੋਂ ਫਲਾਵਰ ਫਾਊਂਟੇਨ ਪ੍ਰਾਪਤ ਕੀਤਾ। ਰੋਟਰੀ ਕਲੱਬ ਆਫ ਬਰੈਮਪਟਨ ਦੀ ਚਿਰ ਸਥਾਈ ਸਹਾਇਤਾ ਨੇ ਬਹੁਤ ਸਾਰੇ ਪ੍ਰੋਜੈਕਟਾਂ ਨੂੰ ਨੇਪਰੇ ਚੜ੍ਹਦੇ ਦੇਖਿਆ ਹੈ ਜਿਸ ਵਿੱਚ 1946 ਵਿੱਚ ਝੂਲੇ, ਅਤੇ 1990ਵਿਆਂ ਵਿੱਚ ਸਕੇਟਿੰਗ ਟ੍ਰੇਲ ਅਤੇ ਡਿਜ਼ੀਟਲ ਸਾਈਨੇਜ ਦੇ ਨਾਲ ਪ੍ਰਵੇਸ਼-ਰਸਤਾ ਵੀ ਸ਼ਾਮਲ ਹਨ। ਗੇਜ਼ ਪਾਰਕ ਇੱਕ ਮਸ਼ਹੂਰ ਅਤੇ ਬਹੁ-ਪ੍ਰਕਾਰਜੀ ਪਾਰਕ ਹੈ, ਅਤੇ ਬਰੈਮਪਟਨ ਦਾ ਇੱਕ ਸੱਚਮੁੱਚ ਵਿਲੱਖਣ ਭਾਗ ਹੈ।

# 5 ਸਟੋਰਕ ਰੈਜੀਡੈਂਸ (1865)
## 52 ਮੇਨ ਸਟਰੀਟ ਦੱਖਣੀ



ਮੇਨ ਸਟਰੀਟ ਦੱਖਣੀ 'ਤੇ ਸਟੋਰਕ ਰੈਜ਼ੀਡੈਂਸ


### ਦਿਸ਼ਾ ਨਿਰਦੇਸ਼

ਮੇਨ ਸਟਰੀਟ 'ਤੇ ਦੱਖਣ ਵੱਲ ਚੱਲਣਾ ਜਾਰੀ ਰੱਖੋ, ਅਤੇ ਕੁਝ ਕੁ ਕਦਮਾਂ ਵਿੱਚ ਤੁਸੀਂ ਈਟੋਬੀਕੋਕ ਦਰਿਆ ਨੂੰ ਰੋਕਣ ਵਾਲੀ ਕੰਧ ਦੇ ਬਚੇ-ਖੁਚੇ ਅੰਸ਼ਾਂ ਨੂੰ ਦੇਖੋਗੇ।

ਇਹ ਮਕਾਨ ਜਿਸਦਾ ਮਾਲਕ ਕਦੇ ਸਟੋਰਕ ਪਰਿਵਾਰ ਹੁੰਦਾ ਸੀ, ਜੌਰਜ ਬੁੱਲ੍ਹ ਦਾ ਘਰ ਸੀ ਅਤੇ ਬਾਅਦ ਵਿੱਚ ਮੈਕਕਲੂਰ ਪਰਿਵਾਰ ਦਾ ਘਰ ਬਣਿਆ ਜਿਸਨੇ ਇਸਨੂੰ ਇੱਕ ਅੰਤਿਮ-ਸੰਸਕਾਰ ਘਰ ਵਿੱਚ ਬਦਲ ਦਿੱਤਾ। ਮੱਧ-ਤੋਂ-ਆਖਰੀ 1800ਵਿਆਂ ਦੌਰਾਨ ਕ੍ਰਿਸਟੋਫਰ ਸਟੋਰਕ ਬਰੈਮਪਟਨ ਵਿੱਚ ਇੱਕ ਜਾਣਿਆ-ਪਛਾਣਿਆ ਕਾਰੋਬਾਰੀ ਸੀ ਅਤੇ ਉਸਨੇ ਮਿਊਂਸੀਪਲ ਰਾਜਨੀਤੀ ਵਿੱਚ ਵੀ ਸੇਵਾ ਕੀਤੀ।

## ਭਵਨ-ਨਿਰਮਾਣ ਸ਼ਬਦਾਵਲੀ

**ਬਰੈਕਟਾਂ** – ਉਹ ਖ਼ੂਬੀਆਂ ਜੋ ਕਿਸੇ ਛੱਤ ਦੇ ਛੱਜੇ ਜਾਂ ਕੰਧ ਦੇ ਕਿਸੇ ਹੋਰ ਵਾਧਰੇ ਨੂੰ ਸਹਾਰਾ ਦਿੰਦੀਆਂ ਹਨ, ਅਕਸਰ ਇਹ ਇਹ ਇੱਕ ਸਜਾਵਟੀ ਖ਼ੂਬੀ ਵਜੋਂ ਵੀ ਭੂਮਿਕਾ ਨਿਭਾਉਂਦੀਆਂ ਹਨ।













ਮੇਨ ਸਟਰੀਟ ਦੱਖਣੀ ਵੱਡੀਆਂ ਜਾਇਦਾਦਾਂ ’ਤੇ ਬਣੇ ਬਹੁਤ ਸਾਰੇ ਉੱਘੇ ਜਾਗੀਰੂ ਘਰਾਂ ਨੂੰ ਪ੍ਰਦਰਸ਼ਿਤ ਕਰਦੀ ਹੈ।

# 6 ਈਟੋਬੀਕੋਕ ਦਰਿਆ ਨੂੰ ਰੋਕਣ ਵਾਲੀ ਕੰਧ
## 58 ਮੇਨ ਸਟਰੀਟ ਦੱਖਣੀ



ਪੱਛਮ ਵੱਲ ਝਾਕਦੀ, ਰੋਕੂ ਕੰਧ, ਜਿਵੇਂ ਅੱਜ ਦਿਖਾਈ ਦਿੰਦੀ ਹੈ




### ਦਿਸ਼ਾ ਨਿਰਦੇਸ਼

ਥੋੜੀ ਦੂਰ ਤੱਕ ਦੱਖਣ ਵੱਲ ਚੱਲਣਾ ਜਾਰੀ ਰੱਖੋ ਅਤੇ ਫੇਰ ਵੁੱਡਬਰੁੱਕ ਡਰਾਈਵ 'ਤੇ ਖੱਬੇ ਵੱਲ ਮੁੜ ਜਾਓ। ਵੁੱਡਬਰੁੱਕ ਡਰਾਈਵ 'ਤੇ ਚਲਦੇ ਰਹੋ ਅਤੇ ਤੁਸੀਂ ਆਪਣੇ ਸਾਹਮਣੇ ਚਰਚ ਦੇਖੋਗੇ।

58 ਤੋਂ 62 ਮੇਨ ਸਟਰੀਟ ਦੱਖਣੀ ਦੇ ਮੂਹਰਲੇ ਪਾਸਿਆਂ ਨੂੰ ਢਕਦੀ ਜਾਇਦਾਦ ਦੀ ਇੱਕ ਤੰਗ ਪੱਟੀ ਦੇ ਨਾਲ ਨਾਲ, ਈਟੋਬੀਕੋਕ ਦਰਿਆ ਨੂੰ ਰੋਕਣ ਵਾਲੀ ਕੰਧ ਦਾ ਬਚਿਆ ਖੁਚਿਆ ਅੰਸ਼ ਅਜੇ ਵੀ ਦਿਸਦਾ ਹੈ। ਇਹ ਕੰਕਰੀਟ ਦੀ ਰੋਕੂ ਕੰਧ 1914 ਵਿੱਚ ਈਟੋਬੀਕੋਕ ਦਰਿਆ ਦੇ ਪ੍ਰਵਾਹ ਨੂੰ ਕੰਟਰੋਲ ਕਰਨ ਲਈ ਬਣਾਈ ਗਈ ਸੀ। ਇਹ ਦਰਿਆ ਕਦੇ ਡਾਊਨਟਾਊਨ ਦੇ ਕੇਂਦਰ ਵਿੱਚੋਂ ਵਿੰਗ ਵਲ਼ੇਵੇਂ ਖਾਂਦਾ ਨਿਕਲਦਾ ਸੀ ਜਿੱਥੇ ਇਸਦੇ ਕਿਨਾਰੇ ਬਰੈਮਪਟਨ ਦੇ ਇਤਿਹਾਸ ਦੇ ਪਹਿਲੇ 150 ਸਾਲਾਂ ਦੌਰਾਨ ਬਾਰ ਬਾਰ ਉੱਛਲਦੇ ਰਹਿੰਦੇ ਸਨ। ਇਸਨੇ ਸ਼ਹਿਰ ਦੀ ਸੱਭਿਆਚਾਰਕ ਵਿਰਾਸਤ ਅਤੇ ਪਛਾਣ 'ਤੇ ਇੱਕ ਅਮਿਟ ਛਾਪ ਛੱਡ ਦਿੱਤੀ ਹੈ। ਰੋਕੂ ਕੰਧ ਦਾ ਇਹ ਅਵਸ਼ੇਸ਼ 1950ਵਿਆਂ ਦੇ ਸ਼ੁਰੂ ਵਿੱਚ ਈਟੋਬੀਕੋਕ ਦਰਿਆ ਨੂੰ ਮੋੜੇ ਜਾਣ ਤੋਂ ਪਹਿਲਾਂ ਇਸਦੀ ਸਥਿਤੀ ਵੱਲ ਸੰਕੇਤ ਕਰਦਾ ਹੈ।




ਮੇਨ ਸਟਰੀਟ ਦੇ ਨਾਲ ਨਾਲ, ਈਟੋਬੀਕੋਕ ਦਰਿਆ ਦੀ ਰੋਕੂ ਕੰਧ

# 7 ਸੇਂਟ ਮੇਰੀ ਦੀ ਚਰਚ (1964)
## 66A ਮੇਨ ਸਟਰੀਟ ਦੱਖਣੀ



## ਦਿਸ਼ਾ ਨਿਰਦੇਸ਼

ਮੇਨ ਸਟਰੀਟ ਵੱਲ ਪੈਦਲ ਚੱਲਕੇ ਵਾਪਸ ਆਓ ਅਤੇ ਫੇਰ ਸੱਜੇ ਪਾਸੇ ਮੁੜ ਜਾਓ। ਉੱਤਰ ਵੱਲ ਚੱਲੋ ਅਤੇ ਲਾਈਟਾਂ 'ਤੇ ਪਹੁੰਚਕੇ ਵਲਿੰਘਟਨ ਸਟਰੀਟ ਨੂੰ ਪਾਰ ਕਰੋ। ਤੁਹਾਡੇ ਸੱਜੇ ਪਾਸੇ ਤੁਸੀਂ ਫਸਟ ਬਾਪਟਿਸਟ ਚਰਚ ਦੇਖੋਂਗੇ।



ਈਟੋਬੀਕੋਕ ਦਰਿਆ ਦੇ ਬਚੇ-ਖੁਚੇ ਅਵਸ਼ੇਸ਼ਾਂ ਦੇ ਨਾਲ ਸੇਂਟ ਮੇਰੀ ਦੀ ਚਰਚ

ਇਸ ਚਰਚ ਭਾਈਚਾਰੇ ਦਾ ਇਤਿਹਾਸ 1865 ਤੋਂ ਕੁਝ ਸਮਾਂ ਪਹਿਲਾਂ ਦਾ ਹੈ, ਜਦੋਂ ਸੈਂਟਰ ਸਟਰੀਟ 'ਤੇ ਗਾਰਡੀਅਨ ਐਂਜਲਸ ਚਰਚ ਬਣਾਈ ਗਈ ਸੀ। 1878 ਦੀ ਜੁਲਾਈ ਨੂੰ ਇੱਕ ਅੱਗ ਨੇ ਇਸ ਚਰਚ ਨੂੰ ਨਸ਼ਟ ਕਰ ਦਿੱਤਾ ਅਤੇ ਇਸਦੇ ਨਾਲ ਹੀ ਉਸ ਸਮੇਂ ਤੱਕ ਚਰਚ ਭਾਈਚਾਰੇ ਦੇ ਸਾਰੇ ਰਿਕਾਰਡਾਂ ਨੂੰ ਵੀ। ਅਗਲੇ ਸਾਲ, ਚਰਚ ਭਾਈਚਾਰੇ ਨੇ ਇੱਕ ਚਰਚ ਦਾ ਮੁੜ-ਨਿਰਮਾਣ ਕਰ ਲਿਆ ਜੋ ਪ੍ਰੈੱਜਬਾਈਟੇਰੀਅਨ ਸਮੂਹਾਂ ਵਿੱਚੋ ਇੱਕ ਦਾ, ਇਸਦੇ ਹੋਰ ਸਥਾਨਕ ਪ੍ਰੈੱਜਬਾਈਟੇਰੀਅਨ ਚਰਚ ਨਾਲ ਰਲੇਵੇਂ ਤੋਂ ਪਹਿਲਾਂ, ਘਰ ਰਹੀ ਸੀ। ਚਰਚ ਭਾਈਚਾਰੇ ਨੇ 1910 ਤੱਕ ਇਸ ਇਮਾਰਤ ਦੀ ਵਰਤੋਂ ਕੀਤੀ, ਜਦ ਇੱਕ ਨਵੀਂ ਚਰਚ ਜੌਹਨ ਸਟਰੀਟ 'ਤੇ ਬਣਾਈ ਗਈ ਸੀ। ਬਰੈਮਪਟਨ ਵਿੱਚ ਨਿਯੁਕਤ ਕੀਤਾ ਜਾਣ ਵਾਲਾ ਪਹਿਲਾ ਪਾਦਰੀ ਇਸ ਚਰਚ ਵਿੱਚ 1919 ਵਿੱਚ ਨਿਯੁਕਤ ਕੀਤਾ ਗਿਆ ਸੀ। 1964 ਵਿੱਚ, ਸੇਂਟ ਮੇਰੀ ਦੀ ਰੋਮਨ ਕੈਥੋਲਿਕ ਚਰਚ ਮੇਨ ਸਟਰੀਟ ਦੱਖਣੀ 'ਤੇ ਆਪਣੇ ਵਰਤਮਾਨ ਸਥਾਨ 'ਤੇ ਆ ਗਈ।

# 8 ਫਸਟ ਬਾਪਟਿਸਟ ਚਰਚ (1876)
## 2 ਵਲਿੰਘਟਨ ਸਟਰੀਟ ਪੂਰਬੀ



### ਦਿਸ਼ਾ ਨਿਰਦੇਸ਼

ਦੁਬਾਰਾ ਫਿਰ ਵਲਿੰਘਟਨ ਸਟਰੀਟ ਨੂੰ ਪਾਰ ਕਰੋ। ਸਟਰੀਟ ਦੇ ਦੱਖਣ ਵਾਲੇ ਪਾਸੇ ਦੀਆਂ ਤਿੰਨ ਇਮਾਰਤਾਂ – ਕੋਰਟਹਾਊਸ (ਕੋਨੇ ’ਤੇ), ਰਜਿਸਟਰੀ ਆਫਿਸ ਅਤੇ ਜੇਲ੍ਹ – ਅਗਲੇ ਪੜਾਅ ਹਨ।


First Baptist Church
1876
Heritage Listed
Brampton Heritage Board

ਇਹ ਚਰਚ 1876 ਵਿੱਚ ਕਸਬੇ ਦੀ ਵਧ ਰਹੀ ਬਾਪਟਿਸਟ ਸੰਗਤ ਨੂੰ ਸਮੋਣ ਵਾਸਤੇ ਬਣਾਈ ਗਈ ਸੀ। ਪੱਛਮੀਂ ਪਾਸੇ ਕਮਾਨੀਦਾਰ ਖਿੜਕੀਆਂ ਇਮਾਰਤ ਦੀ ਉਚਾਈ ਦੀ ਝਲਕ ਦਿੰਦੀਆਂ ਹਨ ਅਤੇ ਮੇਨ ਸਟਰੀਟ ਦੱਖਣੀ ਦੇ ਸਟਰੀਟ-ਦ੍ਰਿਸ਼ ਦੇ ਆਕਰਸ਼ਕ ਚਰਿੱਤਰ ਵਿੱਚ ਯੋਗਦਾਨ ਪਾਉਂਦੀਆਂ ਹਨ। ਬਲਾਕ ਵਿੱਚ ਹੋਰਨਾਂ ਇਮਾਰਤਾਂ ਦੀ ਤੁਲਨਾ ਵਿੱਚ ਚਰਚ ਥੋੜ੍ਹਾ ਪਿੱਛੇ ਕਰਕੇ ਸਥਾਪਤ ਕੀਤੀ ਗਈ ਹੈ ਕਿਉਂਕਿ ਈਟੋਬੀਕੋਕ ਦਰਿਆ ਕਦੇ ਇਮਾਰਤ ਦੇ ਸਾਹਮਣੇ ਵਾਲੇ ਪਾਸੇ ਅਤੇ ਮੇਨ ਸਟਰੀਟ ਵਿਚਕਾਰ ਵਗਦਾ ਹੁੰਦਾ ਸੀ।



# 9 10 11 ਪੀਲ ਕਾਉਂਟੀ ਕੋਰਟਹਾਊਸ (1866) ਪੀਲ ਕਾਉਂਟੀ ਰਜਿਸਟਰੀ ਆਫਿਸ (c 1890) ਪੀਲ ਕਾਉਂਟੀ ਜੇਲ੍ਹ (1866)

## 3, 7 ਅਤੇ 9 ਵਲਿੰਘਟਨ ਸਟਰੀਟ ਪੂਰਬੀ




ਪੀਲ ਕਾਉਂਟੀ ਕੋਰਟਹਾਊਸ







N
W E
S

## ਦਿਸ਼ਾ ਨਿਰਦੇਸ਼

ਵਲਿੰਘਟਨ ਸਟਰੀਟ ਦੇ ਨਾਲ ਨਾਲ ਪੂਰਬ ਵੱਲ, ਮੇਨ ਸਟਰੀਟ ਤੋਂ ਦੂਰ ਚੱਲਦੇ ਜਾਓ। ਕੋਨੇ 'ਤੇ ਜਾਕੇ, ਚੇਪਲ ਸਟਰੀਟ ਵੱਲ ਖੱਬੇ ਨੂੰ ਮੁੜ ਜਾਓ। ਇੱਕ ਬਲਾਕ ਉੱਤਰ ਵੱਲ ਪੈਦਲ ਚੱਲੋ ਅਤੇ ਜੌਹਨ ਸਟਰੀਟ ਨੂੰ ਪਾਰ ਕਰ ਜਾਓ। ਤੁਹਾਡੇ ਸੱਜੇ ਹੱਥ ਵਾਲੇ ਪਾਸੇ, ਤੁਸੀਂ ਬਰੈਮਪਟਨ ਅਸਲਾਖਾਨਾ (ਉੱਤਰਪੂਰਬੀ ਕੋਨਾ) ਦੇਖੋਗੇ।

ਵਲਿੰਘਟਨ ਸਟਰੀਟ ਦੇ ਨਾਲ ਨਾਲ ਇਤਿਹਾਸਕ ਇਮਾਰਤਾਂ ਦਾ ਇਹ ਗਰੁੱਪ 1867 ਵਿੱਚ ਕਾਉਂਟੀ ਆਫ ਪੀਲ ਦੀ ਸੀਟ ਵਜੋਂ ਬਰੈਮਪਟਨ ਦੀ ਸਥਾਪਨਾ ਦੀ ਝਲਕ ਦਿੰਦਾ ਹੈ। ਓਨਟਾਰੀਓ ਵਿੱਚ ਇਹ ਸਭ ਤੋਂ ਵੱਧ ਜਿਕਰਯੋਗ ਜਨਤਕ ਇਮਾਰਤ ਕੰਪਲੈਕਸਾਂ ਵਿੱਚੋਂ ਇੱਕ ਹੈ।

ਜੇਲ੍ਹ ਅਤੇ ਕੋਰਟਹਾਊਸ ਦੋਨਾਂ ਨੂੰ ਹੀ ਟੋਰੰਟੋ ਦੇ ਆਰਕੀਟੈਕਟ ਵਿਲੀਅਮ ਕਾਊਫਮੈਨ ਵੱਲੋਂ ਡਿਜ਼ਾਈਨ ਕੀਤਾ ਗਿਆ ਸੀ ਅਤੇ ਇਹ ਉਸਦੇ ਕਾਰਜ ਦੀਆਂ ਕੁਝ ਕ ਬਚੀਆਂ ਹੋਈਆਂ ਉਦਾਹਰਨਾਂ ਵਿੱਚੋਂ ਹਨ। ਇਹਨਾਂ ਇਮਾਰਤਾਂ ਵਾਸਤੇ ਪੱਥਰ ਸ਼ਹਿਰ ਦੇ ਦੱਖਣ ਵੱਲ ਈਟੋਬੀਕੋਕ ਦਰਿਆ ਦੀ ਘਾਟੀ ਵਿੱਚੋਂ ਸਥਾਨਕ ਤੌਰ 'ਤੇ ਹੀ ਕੱਢਿਆ ਗਿਆ ਸੀ। ਕਾਉਂਟੀ ਕੋਰਟਹਾਊਸ ਇੱਕ ਬੇਹੱਦ ਸੁਹਜਵਾਦੀ ਇਮਾਰਤ ਹੈ ਜਿਸਦਾ ਇੱਕ ਵਿਲੱਖਣ, ਪਿਆਜ਼-ਆਕਾਰੀ ਗੁੰਬਦ ਹੈ। ਇਹ ਇੱਕ ਘਾਹ ਵਾਲੇ ਟਿੱਲੇ 'ਤੇ ਸਥਿਤ ਹੈ ਜਿੱਥੋਂ ਉਹ ਚੀਜ਼ ਸਾਫ਼ ਦਿਸਦੀ ਹੈ ਜੋ ਕਦੇ ਈਟੋਬੀਕੋਕ ਦਰਿਆ ਦਾ ਕਿਨਾਰਾ ਹੋਇਆ ਕਰਦਾ ਸੀ।



ਪੀਲ ਕਾਉਂਟੀ ਕੋਰਟਹਾਊਸ

ਜੇਲ੍ਹ ਇੱਕ ਸਰਲ, ਸਜਾਵਟ ਰਹਿਤ, ਪਰ ਫੇਰ ਵੀ ਆਕਰਸ਼ਕ ਭੂ-ਚਿੰਨ੍ਹ ਹੈ। ਉੱਥੇ ਕੈਦੀਆਂ ਵਿੱਚ

# ਵਿਲੀਅਮ ਪਰਕਿਨਸ ਬੁੱਲ੍ਹ

ਜਦ ਸਫਲਤਾ ਦੇ ਇੱਕ ਵਿਲੱਖਣ ਪੱਧਰ ਨੂੰ ਹਾਸਲ ਕਰਨ ਦੀ ਗੱਲ ਆਉਂਦੀ ਸੀ, ਤਾਂ ਬਰੈਮਪਟਨ ਦਾ ਵਿਲੀਅਮ ਪਰਕਿਨਸ ਬੁੱਲ੍ਹ ਕਦੇ ਵੀ ਆਪਣੀਆਂ ਪ੍ਰਾਪਤੀਆਂ ਤੋਂ ਸੰਤੁਸ਼ਟ ਨਹੀਂ ਸੀ ਹੁੰਦਾ। ਇੱਕ ਵਕੀਲ, ਕਾਰੋਬਾਰੀ, ਲੇਖਕ ਅਤੇ ਰਾਜਨੀਤਕ ਸਲਾਹਕਾਰ ਵਜੋਂ, ਉਸਦੀ ਰੰਗੀਨ ਜ਼ਿੰਦਗੀ ਨੇ ਅੱਜ ਦੇ ਬਰੈਮਪਟਨ ਵਾਸੀਆਂ ਵਾਸਤੇ ਇੱਕ ਬਹੁਮੁੱਲਾ ਵਿਰਸਾ ਅਤੇ ਕਈ ਦਿਲਚਸਪ ਕਹਾਣੀਆਂ ਛੱਡ ਦਿੱਤੀਆਂ ਹਨ।

1931 ਅਤੇ 1938 ਦੇ ਵਿਚਕਾਰ, ਬੁੱਲ੍ਹ ਨੇ ਵੰਨ-ਸੁਵੰਨੇ ਵਿਸ਼ਿਆਂ 'ਤੇ ਇੱਕ ਦਰਜਨ ਕਿਤਾਬਾਂ ਲਿਖੀਆਂ, ਜਿੰਨ੍ਹਾਂ ਦੀ ਲੜੀ ਫੌਜੀ ਇਤਿਹਾਸ ਤੋਂ ਲੈਕੇ ਰੀਂਗਣ ਵਾਲੇ ਜਾਨਵਰਾਂ ਤੱਕ ਅਤੇ ਪੀਲ ਦੇ ਇਤਿਹਾਸ ਤੱਕ ਹੈ। ਉਸਨੇ ਪੀਲ ਕਾਉਂਟੀ ਦੇ ਇਤਿਹਾਸ ਦੇ ਅਧਿਐਨ ਤੋਂ ਸ਼ੁਰੂਆਤ ਕੀਤੀ ਜੋ ਆਖਰਕਾਰ ਵਧਕੇ ਪੀਲ ਦੇ ਸੱਭਿਆਚਾਰਕ ਅਤੇ ਕੁਦਰਤੀ ਇਤਿਹਾਸ ਬਾਰੇ ਦਸ ਪ੍ਰਕਾਸ਼ਿਤ ਜਿਲਦਾਂ ਬਣ ਗਿਆ।

1930ਵਿਆਂ ਵਿੱਚ ਅਣਥੱਕ ਕੋਸ਼ਿਸ਼ਾਂ ਅਤੇ ਉਪਲਬਧੀਆਂ ਦੀ ਇੱਕ ਲੜੀ ਦੇ ਬਾਅਦ, ਅਫਵਾਹਾਂ ਫੈਲ ਗਈਆਂ ਕਿ ਗੈਂਗਸਟਰ ਆਲ ਕਾਪੋਨ ਬੁੱਲ੍ਹ ਦੇ ਪਿੱਛੇ ਸੀ। ਇਹ ਅਫਵਾਹਾਂ ਹੋਰ ਗਰਮ ਹੋ ਗਈਆਂ ਜਦ ਬੁੱਲ੍ਹ ਨੇ ਆਪਣੀ ਕਾਰ ਮਿਸ਼ੀਗਨ ਵਿੱਚ ਇੱਕ ਟਰੱਕ ਵਿੱਚ ਜਾ ਮਾਰੀ ਅਤੇ ਗੰਭੀਰ ਸੱਟਾਂ ਖਾਧੀਆਂ; ਸਭ ਤੋਂ ਨੇੜਲੇ ਹਸਪਤਾਲ ਲੈਕੇ ਜਾਣ ਦੀ ਬਜਾਏ, ਉਸਨੂੰ 120 ਮੀਲ ਦੂਰ, ਵਿੰਡਸਰ ਵਿੱਚ ਇੱਕ ਹਸਪਤਾਲ ਵਿਖੇ ਲਿਜਾਇਆ ਗਿਆ ਸੀ। ਓਹ ਓਥੇ ਕੇਵਲ ਇੱਕ ਰਾਤ ਰਿਹਾ ਅਤੇ ਫੇਰ ਉਸਨੂੰ ਸੁਰੱਖਿਆ ਤਹਿਤ ਟੋਰੰਟੋ ਵਿਖੇ ਤਬਦੀਲ ਕਰ ਦਿੱਤਾ ਗਿਆ। ਕੋਈ ਵੀ ਸਪੱਸ਼ਟੀਕਰਨ ਕਦੇ ਵੀ ਜਨਤਕ ਨਹੀਂ ਕੀਤਾ ਗਿਆ ਸੀ।

ਆਪਣੇ ਸਾਰੇ ਜੀਵਨ ਦੇ ਦੌਰਾਨ ਬੁੱਲ੍ਹ, ਲਗਭਗ ਹਰ ਉਸ ਸਕੀਮ ਵਿੱਚ ਸੰਮਿਲਤ ਹੋਇਆ ਜਿੱਥੇ ਉਹ ਹੋ ਸਕਦਾ ਸੀ। ਕੈਨੇਡੀਅਨ ਵੈਸਟ ਵਿੱਚ ਉਸਦੇ ਇਮਾਰਤੀ ਲੱਕੜੀ ਵਿੱਚ ਹਿੱਤ ਸਨ ਅਤੇ ਕਿਊਬਾ ਵਿੱਚ ਉਸਨੇ 20,000 ਏਕੜ ਤੱਕ ਗੰਨੇ ਦੀ ਬਿਜਾਈ ਵਾਲੀ ਜ਼ਮੀਨ ਖਰੀਦੀ ਸੀ। ਉਸਨੇ ਕੈਨੇਡੀਅਨ ਆਇਲ ਕੰਪਨੀ ਦੀ ਵੀ ਸਥਾਪਨਾ ਕੀਤੀ, ਜੋ ਇੱਕ ਹੋਰ ਸਫਲਤਾ ਬਣ ਗਈ। ਉਸਦੀਆਂ ਬਹੁਤ ਸਾਰੀਆਂ ਉਪਲਬਧੀਆਂ ਬਾਰੇ ਇੱਕ ਲੇਖ ਵਿੱਚ, ਟੋਰੰਟੋ ਟੈਲੀਗਰਾਮ ਨੇ ਉਸਨੂੰ "ਅੱਜ ਦੀ ਤਾਰੀਖ਼ ਤੱਕ ਕੈਨੇਡਾ ਦਾ ਸਭ ਤੋਂ ਵੱਧ ਗੈਰ-ਸਾਧਾਰਨ ਲੇਖਕ ਕਿਹਾ ਹੈ।

–ਲਵਰਸੀਡ, ਐੱਚ.ਵੀ. ਬਰੈਮਪਟਨ:
ਇੱਕ ਚਿਤਰਮਈ ਇਤਿਹਾਸ, 1987.

ਸ਼ਾਮਲ ਹਨ 1960ਵਿਆਂ ਵਿੱਚ ਅਮਰੀਕਨ ਵੱਖਵਾਦੀ ਹਿਊ ਨਿਊਟਨ, ਅਤੇ ਪੀਟਰ ਡੇਮੀਟਰ, ਇੱਕ ਅਮੀਰ ਟੋਰੰਟੋ ਵਿਕਾਸਕਾਰ ਜੋ ਇੱਕ ਉੱਚ-ਪ੍ਰੋਫਾਈਲ ਮੁਕੱਦਮੇ ਦੇ ਬਾਅਦ ਆਪਣੀ ਪਤਨੀ ਦਾ ਕਤਲ ਕਰਨ ਦਾ ਦੋਸ਼ੀ ਕਰਾਰ ਦਿੱਤਾ ਗਿਆ ਸੀ। ਤਿੰਨ ਕੈਦੀਆਂ ਨੂੰ ਇਸ ਜੇਲ੍ਹ ਵਿੱਚ ਫਾਂਸੀ ਦਿੱਤੀ ਗਈ ਸੀ।

ਰਜਿਸਟਰੀ ਆਫਿਸ, ਜੋ ਜੇਲ੍ਹ ਅਤੇ ਕੋਰਟਹਾਊਸ ਦੇ ਵਿਚਕਾਰ ਸਥਿਤ ਹੈ, 19ਵੀਂ ਸਦੀ ਦੇ ਅਖੀਰ ਵਿੱਚ ਸ਼ਹਿਰੀ ਇਮਾਰਤ ਦੀ ਇੱਕ ਵਧੀਆ ਉਦਾਹਰਨ ਹੈ। ਅਲੈਗਜੈਂਡਰ ਅਤੇ ਕੌਂਗਡਮ, ਇੱਕ ਸਟਰੀਟਵਿਲੇ ਭਵਨ-ਨਿਰਮਾਣ ਕੰਪਨੀ, ਨੇ 1890 ਵਿੱਚ ਇਸ ਇਮਾਰਤ ਦਾ ਡਿਜ਼ਾਈਨ ਬਣਾਇਆ ਸੀ ਅਤੇ ਇਸਨੇ 1959 ਤੱਕ ਰਜਿਸਟਰੀ ਆਫਿਸ ਵਜੋਂ ਸੇਵਾ ਨਿਭਾਈ। 1967 ਵਿੱਚ, ਇਮਾਰਤ ਨੂੰ ਪੀਲ ਕਾਉਂਟੀ ਅਜਾਇਬਘਰ ਅਤੇ ਆਰਟ ਗੈਲਰੀ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ। ਅੱਜ ਇਹ ਪੀਲ ਆਰਟ ਗੈਲਰੀ, ਮਿਊਜ਼ੀਅਮ ਐਂਡ ਆਰਕੀਵਜ਼ (PAMA) ਦਾ ਇੱਕ ਪ੍ਰਮੁੱਖ ਅੰਸ਼ ਹੈ।



## ਭਵਨ-ਨਿਰਮਾਣ ਸ਼ਬਦਾਵਲੀ

**ਕੱਪਓਲਾ** – ਇੱਕ ਛੋਟਾ ਜਿਹਾ ਗੁੰਬਦ-ਨੁਮਾ ਢਾਂਚਾ ਜੋ ਛੱਤ ਤੋਂ ਖੜ੍ਹਾ ਹੁੰਦਾ ਹੈ, ਰਵਾਇਤੀ ਤੌਰ 'ਤੇ ਇਸ ਵਿੱਚ ਥੰਮ੍ਹ ਜਾਂ ਖਿੜਕੀਆਂ ਹੁੰਦੇ ਹਨ।



# 12 ਬਰੈਮਪਟਨ ਅਸਲਾਖਾਨਾ (1915)

## 12 ਚੇਪਲ ਸਟਰੀਟ



### ਦਿਸ਼ਾ ਨਿਰਦੇਸ਼

ਚੇਪਲ ਸਟਰੀਟ 'ਤੇ ਉੱਤਰ ਵੱਲ ਚੱਲਣਾ ਜਾਰੀ ਰੱਖੋ। ਸਟਰੀਟ ਦੇ ਏਸੇ ਪਾਸੇ ਅਗਲੀ ਇਮਾਰਤ ਫਾਇਰ ਹਾਲ ਹੈ।

1936 ਵਿੱਚ ਪੀਲ, ਹਾਲਟਨ ਅਤੇ ਡੱਫਰਿਨ ਦੀਆਂ ਸੰਯੁਕਤ ਰੈਜੀਮੈਂਟਾਂ ਲੋਰਨੇ ਸਕਾਟਸ ਬਣ ਗਈਆਂ, ਜਿਸਦਾ ਹੈੱਡਕੁਆਟਰ ਬਰੈਮਪਟਨ ਸੀ।



ਲੋਰਨੇ ਸਕਾਟਸ

ਪ੍ਰਧਾਨ ਮੰਤਰੀ ਰਾਬਰਟ ਬੋਰਡਨ ਦੀ ਸਰਕਾਰ ਵਿੱਚ ਕੈਨੇਡਾ ਦੇ ਸਭ ਤੋਂ ਵੱਧ ਰੰਗੀਨ ਕੈਬਨਿਟ ਮੈਂਬਰਾਂ ਵਿੱਚੋਂ ਇੱਕ ਸਰ ਸੈਮ ਹਿਊਜਸ, ਪਹਿਲੇ ਵਿਸ਼ਵ ਯੁੱਧ ਦੌਰਾਨ ਮਿਨਿਸਟਰ ਆਫ ਮਿਲੀਟੀਆ ਐਂਡ ਡਿਫੈਂਸ ਸੀ। ਹਾਲਾਂਕਿ ਹਿਊਜਸ ਨੂੰ ਉਸਦੀਆਂ ਫੌਜੀ ਸ਼ਮੂਲੀਅਤਾਂ ਕਰਕੇ ਯਾਦ ਰੱਖਿਆ ਜਾ ਸਕਦਾ ਹੈ, ਪਰ ਉਸਨੇ 1915 ਵਿੱਚ ਚੇਪਲ ਸਟਰੀਟ 'ਤੇ ਬਰੈਮਪਟਨ ਅਸਲਾਖਾਨਾ ਖੜ੍ਹਾ ਕਰਨ ਦੇ ਆਪਣੇ ਫੈਸਲੇ ਰਾਹੀਂ ਆਪਣੀ ਛਾਪ ਛੱਡੀ। ਇਹ ਅਸਲਾਖਾਨਾ 56 ਅਸਲੇਖਾਨਿਆਂ ਦੇ ਇੱਕ ਨੈੱਟਵਰਕ ਦਾ ਭਾਗ ਬਣ ਗਿਆ ਜਿੰਨ੍ਹਾਂ ਨੂੰ ਪਹਿਲੇ ਵਿਸ਼ਵ ਯੁੱਧ ਦੌਰਾਨ ਇੱਕ ਦੇਸ਼-ਵਿਆਪੀ ਪ੍ਰੋਜੈਕਟ ਦੇ ਭਾਗ ਵਜੋਂ ਡਿਪਾਰਟਮੈਂਟ ਆਫ ਮਿਲੀਟੀਆ ਐਂਡ ਡਿਫੈਂਸ ਦੁਆਰਾ ਬਣਾਇਆ ਗਿਆ ਸੀ। 1912 ਅਤੇ 1915 ਵਿਚਕਾਰ, ਕੈਨੇਡਾ ਭਰ ਵਿੱਚ, ਦਰਜਨਾਂ ਡਰਿੱਲ ਹਾਲਾਂ ਅਤੇ ਅਸਲਾਖਾਨਿਆਂ ਦਾ ਨਿਰਮਾਣ ਕੀਤਾ ਗਿਆ ਸੀ। ਬਰੈਮਪਟਨ ਅਸਲੇਖਾਨੇ ਨੂੰ ਉਸ ਯੋਜਨਾ ਤਹਿਤ ਬਣਾਇਆ ਗਿਆ ਸੀ ਜਿਸਨੂੰ "ਕਿਸਮ ਬੀ ਮਿਆਰੀ ਯੋਜਨਾ" ਵਜੋਂ ਜਾਣਿਆ ਜਾਂਦਾ ਸੀ। ਓਸ਼ਾਵਾ, ਓਨਟਾਰੀਓ ਅਤੇ ਮੌਂਟਮੈਗਨੀ, ਕਵੀਬੈੱਕ ਵਿਚਲੇ ਅਸਲੇਖਾਨੇ ਸ਼ੈਲੀ ਅਤੇ ਕਿਸਮ ਵਿੱਚ ਬਹੁਤ ਮਿਲਦੇ-ਜੁਲਦੇ ਹਨ। ਇਹ ਜਾਇਦਾਦ 1936 ਤੋਂ ਲੈਕੇ ਲੋਰਨੇ ਸਕਾਟਸ ਰੈਜੀਮੈਂਟ ਦਾ ਹੈੱਡਕੁਆਟਰ ਰਹੀ ਹੈ।

# 13 ਓਲਡ ਫਾਇਰ ਹਾਲ (1854)

## 2 ਚੇਪਲ ਸਟਰੀਟ



### ਦਿਸ਼ਾ ਨਿਰਦੇਸ਼

ਫਾਇਰ ਹਾਲ ਦੇ ਠੀਕ ਅੱਗੇ, ਤੁਸੀਂ ਕਵੀਨ ਸਟਰੀਟ ਅਤੇ ਚੇਪਲ ਸਟਰੀਟ ਦੇ ਦੱਖਣ-ਪੂਰਬੀ ਕੋਨੇ ’ਤੇ ਕਾਰਨੇਗੀ ਲਾਇਬਰੇਰੀ ਦੇਖੋਗੇ।

1854 ਵਿੱਚ ਨਿਰਮਿਤ, ਇਹ ਇਮਾਰਤ ਬਰੈਮਪਟਨ ਦੀ ਪਹਿਲੀ ਮਿਊਂਸੀਪਲ ਇਮਾਰਤ ਸੀ ਅਤੇ ਇਸਨੂੰ ਸ਼ੁਰੂ ਵਿੱਚ ਪਿੰਡ ਦੇ ਬਾਜ਼ਾਰ ਹਾਲ ਵਜੋਂ ਵਰਤਿਆ ਗਿਆ ਸੀ। ਇਸਨੇ ਫਾਇਰ ਇੰਜਨ ਹਾਊਸ ਵਜੋਂ ਵੀ ਸੇਵਾ ਨਿਭਾਈ। ਸ਼ੁਰੂ ਵਿੱਚ ਚੇਪਲ ਸਟਰੀਟ ਦੇ ਸਾਹਮਣੇ ਤਿੰਨ ਕਮਾਨੀਦਾਰ ਰਸਤੇ ਸਨ। ਦੂਜੀ ਮੰਜਿਲ ਵਿੱਚ ਇੱਕ ‘ਲੰਬਾ ਕਮਰਾ’ ਹੈ ਅਤੇ 1860 ਤੱਕ, ਇਸ ਜਗਹ ਨੂੰ ਵਿਲੇਜ ਕੌਂਸਲ ਚੈਂਬਰਜ਼ ਵਜੋਂ ਵਰਤਿਆ ਜਾਂਦਾ ਸੀ।


1874 ਵਿੱਚ, ਬਰੈਮਪਟਨ ਟਾਊਨ ਕੌਂਸਲ ਦੀ ਪਹਿਲੀ ਬੈਠਕ ਇਸੇ ਇਮਾਰਤ ਵਿੱਚ ਹੋਈ ਸੀ। ਕੌਂਸਲ ਏਥੇ ਸਦੀ ਦੇ ਬਦਲਣ ਤੱਕ ਮਿਲਦੀ ਰਹੀ ਜਦੋਂ ਇਹ ਮੇਨ ਸਟਰੀਟ ਦੱਖਣੀ ’ਤੇ ਹੈਗੀ ਬਲਾਕ ਵਿੱਚ ਨਹੀਂ ਚਲੀ ਗਈ। 40-ਫੁੱਟ ਹੋਜ਼ ਟਾਵਰ 1862 ਵਿੱਚ ਬਣਾਇਆ ਗਿਆ ਸੀ ਤਾਂ ਜੋ ਫਾਇਰ ਹੋਜ਼ਾਂ ਨੂੰ ਟੰਗ ਕੇ ਸੁਕਾਇਆ ਜਾ ਸਕੇ। ਟਾਵਰ ਵਿੱਚ ਫਾਇਰ ਬੈੱਲ ਵੀ ਲੱਗੀ ਹੁੰਦੀ ਸੀ। ਪਹਿਲੇ ਵਿਸ਼ਵ ਯੁੱਧ ਦੇ ਸ਼ੁਰੂ ਹੋਣ ਤੋਂ ਠੀਕ ਪਹਿਲਾਂ, ਇਮਾਰਤ ਨੇ ਪੂਰੀ ਤਰ੍ਹਾਂ ਫਾਇਰ ਹਾਲ ਵਜੋਂ ਵਰਤੀ ਜਾਣਾ ਸ਼ੁਰੂ ਕਰ ਦਿੱਤਾ।



# 14 ਕਾਰਨੇਗੀ ਲਾਇਬਰੇਰੀ (1906)
## 55 ਕਵੀਨ ਸਟਰੀਟ ਪੂਰਬੀ



ਖੱਬੇ ਵਾਸਤੇ ਕੀਤੀ ਵਧੀਕ ਉਸਾਰੀ ਦੇ ਨਾਲ ਅਜੋਕੇ ਰੂਪ ਵਿੱਚ ਕਾਰਨੇਗੀ ਲਾਇਬਰੇਰੀ




### ਦਿਸ਼ਾ ਨਿਰਦੇਸ਼

ਲਾਈਟਾਂ 'ਤੇ ਪਹੁੰਚਕੇ, ਕਵੀਨ ਸਟਰੀਟ ਨੂੰ ਪਾਰ ਕਰੋ, ਅਤੇ ਲੱਗਭਗ 40 ਮੀਟਰ ਤੱਕ ਪੈਦਲ ਚੱਲੋ। ਤੁਹਾਡੇ ਖੱਬੇ ਪਾਸੇ ਮਿੱਲ ਹੋਵੇਗੀ।

ਕਵੀਨ ਅਤੇ ਚੇਪਲ ਸਟਰੀਟਾਂ ਦੇ ਦੱਖਣ-ਪੱਛਮੀ ਕੋਨੇ ਵੱਲ ਸਥਿਤ, ਕਾਰਨੇਗੀ ਲਾਇਬਰੇਰੀ ਨੂੰ ਅਮਰੀਕਨ ਸਟੀਲ ਕਾਰੋਬਾਰੀ ਐਂਡਰਿਊ ਕਾਰਨੇਗੀ ਵੱਲੋਂ ਮਿਲੇ $12,000 ਦੇ ਦਾਨ ਨਾਲ ਉਸਾਰਿਆ ਗਿਆ ਸੀ। ਨੀਂਹ ਪੱਥਰ 1906 ਵਿੱਚ ਰੱਖਿਆ ਗਿਆ ਸੀ। 1881 ਅਤੇ 1917 ਦੇ ਵਿਚਕਾਰ, ਕਾਰਨੇਗੀ ਨੇ ਕੈਨੇਡਾ ਭਰ ਵਿੱਚ 156 ਅਤੇ ਵਿਸ਼ਵ ਭਰ ਵਿੱਚ ਹਜ਼ਾਰਾਂ ਹੋਰ ਮੁਫ਼ਤ ਲਾਇਬਰੇਰੀਆਂ ਦੀ ਉਸਾਰੀ ਵਾਸਤੇ ਫੰਡ ਸਹਾਇਤਾ ਦਿੱਤੀ। ਕਾਰਨੇਗੀ ਦੀਆਂ ਜ਼ਿਆਦਾਤਰ ਲਾਇਬਰੇਰੀਆਂ ਦੀ ਤਰ੍ਹਾਂ, ਇਹ ਇਮਾਰਤ ਕਲਾਸੀਕਲ ਬਿਊਕਸ ਆਰਟਸ ਭਵਨ-ਨਿਰਮਾਣ ਸ਼ੈਲੀ ਦੀ ਇੱਕ ਉਦਾਹਰਨ ਹੈ, ਅਤੇ ਭਾਰੀ, ਕਲਾਸਿਕ ਤੌਰ 'ਤੇ ਪ੍ਰੇਰਿਤ ਸਜਾਵਟ ਦੇ ਨਾਲ ਇੱਕ ਸ਼ਾਨਦਾਰ ਪ੍ਰਵੇਸ਼-ਰਸਤਾ ਇਸਦਾ ਮੁੱਖ ਲੱਛਣ ਹੈ। ਕਵੀਨ ਸਟਰੀਟ ਦੇ ਨਾਲ ਨਾਲ, ਪੂਰਬ ਵੱਲ ਜਾਂਦੀ ਵਧੀਕ ਉਸਾਰੀ 1952 ਵਿੱਚ ਬਣਾਈ ਗਈ ਸੀ ਅਤੇ ਇਸਨੂੰ ਫੇਨਟਨ ਮੈਮੋਰੀਅਲ ਵਿੰਗ ਕਿਹਾ ਗਿਆ ਸੀ। ਬਾਅਦ ਦੇ ਸਾਲਾਂ ਵਿੱਚ, ਬਰੈਮਪਟਨ ਬੋਰਡ ਆਫ ਟਰੇਡ ਨੇ ਇਸ ਇਮਾਰਤ ਵਿੱਚ ਵਸੇਬਾ ਕੀਤਾ। ਅੱਜ ਇਸਦੀ ਮਲਕੀਅਤ ਅਤੇ ਵਰਤੋਂ ਬਰੈਮਪਟਨ ਸ਼ਹਿਰ ਦੁਆਰਾ ਕੀਤੀ ਜਾਂਦੀ ਹੈ, ਅਤੇ ਬਰੈਮਪਟਨ ਕਨਸਰਟ ਬੈਂਡ (ਜੋ 1884 ਵਿੱਚ ਸਥਾਪਤ ਕੀਤਾ ਗਿਆ ਸੀ) ਉਸ ਜਗਹ ਅਭਿਆਸ ਕਰਦਾ ਹੈ ਜੋ ਕਦੇ ਲਾਇਬਰੇਰੀ ਦਾ ਬੱਚਿਆਂ ਵਾਲਾ ਖੰਡ ਹੋਇਆ ਕਰਦਾ ਸੀ।

# ਕਾਰਨੇਗੀ ਲਾਇਬਰੇਰੀ




ਕੋਰਨਾਈਸ, ਡੈਂਟਿਲਸ ਅਤੇ ਫਰੀਜ਼ ਲਾਇਬਰੇਰੀ ਦੀਆਂ ਖਿੱਚ ਪਾਉਣ ਵਾਲੀਆਂ ਕਲਾਸੀਕਲ ਖੂਬੀਆਂ ਹਨ।

ਸਦੀ ਦੇ ਬਦਲਣ ਤੱਕ, ਪੜ੍ਹਾਈ ਵਧੇਰੇ ਪ੍ਰਸਿੱਧ ਹੋ ਗਈ ਸੀ, ਮੋਟੇ ਤੌਰ 'ਤੇ ਇਸ ਕਰਕੇ ਕਿਉਂਕਿ ਲੋਕ ਬੇਹਤਰ ਸਿੱਖਿਅਤ ਹੋ ਗਏ ਸਨ। ਇਹ ਛੇਤੀ ਹੀ ਪ੍ਰਤੱਖ ਹੋ ਗਿਆ ਕਿ ਬਰੈਮਪਟਨ ਨੂੰ ਇੱਕ ਬੇਹਤਰ ਲਾਇਬਰੇਰੀ ਚਾਹੀਦੀ ਸੀ। ਐਂਡਰਿਊ ਕਾਰਨੇਗੀ, ਸਕਾਟਿਸ਼-ਅਮਰੀਕਨ ਕਰੋੜਪਤੀ ਅਤੇ ਦਾਨੀ ਕੋਲ ਫੰਡਾਂ ਵਾਸਤੇ ਪਹੁੰਚ ਕੀਤੀ ਗਈ। ਆਪਣੇ ਜੀਵਨ ਕਾਲ ਦੌਰਾਨ, ਉਸਨੇ 350 ਮਿਲੀਅਨ ਡਾਲਰ ਤੋਂ ਵਧੇਰੇ ਰਕਮ ਕਈ ਸਾਰੀਆਂ ਸੱਭਿਆਚਾਰਕ ਸੰਸਥਾਵਾਂ ਨੂੰ ਦਾਨ ਕੀਤੀ ਅਤੇ 1,700 ਜਨਤਕ ਲਾਇਬਰੇਰੀਆਂ ਨੂੰ ਫ਼ੰਡ ਸਹਾਇਤਾ ਦਿੱਤੀ।

ਹਾਲਾਂਕਿ ਉਹ ਦਿਆਲੂ ਸੀ, ਪਰ ਉਹ ਪਹਿਲਾਂ ਇਹ ਯਕੀਨੀ ਬਣਾਏ ਬਿਨਾਂ ਪੈਸੇ ਨਹੀਂ ਦਿੰਦਾ ਸੀ ਕਿ ਕੁਝ ਵਿਸ਼ੇਸ਼ ਮਿਆਰਾਂ ਦੀ ਪੂਰਤੀ ਕੀਤੀ ਜਾਵੇ। ਬਰੈਮਪਟਨ ਨੇ ਸ਼ੁਰੂ ਵਿੱਚ ਇੱਕ ਸ਼ਾਨਦਾਰ ਯੋਜਨਾ ਸੌਂਪੀ, ਜਿਸ ਵਿੱਚ ਇੱਕ ਸੰਗੀਤ-ਸੰਮੇਲਨ ਹਾਲ ਦੇ ਨਾਲ ਨਾਲ ਇੱਕ ਲਾਇਬਰੇਰੀ ਵੀ ਸੀ। ਕਾਰਨੇਗੀ ਨੇ ਸੰਗੀਤ-ਸੰਮੇਲਨ ਹਾਲ ਨੂੰ ਫੰਡ ਸਹਾਇਤਾ ਦੀ ਗਰੰਟੀ ਤੋਂ ਇਹ ਕਹਿੰਦੇ ਹੋਏ ਇਨਕਾਰ ਕਰ ਦਿੱਤਾ ਕਿ ਉਹ ਕੇਵਲ ਇੱਕ ਲਾਇਬਰੇਰੀ ਵਾਸਤੇ $10,000 ਦਾਨ ਕਰੇਗਾ। ਆਖਰਕਾਰ ਯੋਜਨਾ ਵਿੱਚ ਸੁਧਾਰ ਕੀਤਾ ਗਿਆ ਅਤੇ ਬੋਰਡ ਆਫ ਟਰੇਡ ਦੇ ਸ਼੍ਰੀਮਾਨ ਆਰ.ਜੇ. ਕੋਪਲੈਂਡ ਨਾਲ ਮੀਟਿੰਗ ਦੇ ਬਾਅਦ, ਕਾਰਨੇਗੀ ਨੇ $2,500 ਹੋਰ ਪ੍ਰਦਾਨ ਕੀਤੇ। ਬਰੈਮਪਟਨ ਦੀ ਸ਼ੋਅਪੀਸ ਲਾਇਬਰੇਰੀ 1907 ਵਿੱਚ ਖੁੱਲ੍ਹ ਗਈ।

## ਭਵਨ-ਨਿਰਮਾਣ ਸ਼ਬਦਾਵਲੀ

**ਕੋਰਨਾਈਸ** ਛੱਜਿਆਂ ਦੇ ਠੀਕ ਹੇਠਾਂ ਅਤੇ ਡੈਂਟਿਲਸ, ਦੰਦਾਂ ਵਰਗੇ ਆਇਤਾਕਾਰੀ ਟੁਕੜਿਆਂ ਦੀ ਪੱਟੀ ਦੇ ਉੱਪਰ ਸਜਾਵਟੀ ਸੌਚੇ ਵੱਲ ਸੰਕੇਤ ਕਰਦਾ ਹੈ। **ਡੈਂਟਿਲਸ** ਦੇ ਹੇਠਾਂ ਵਿਸ਼ਾਲ ਸਜਾਵਟੀ ਪੱਟੀ ਨੂੰ **ਫਰੀਜ਼** ਵਜੋਂ ਜਾਣਿਆ ਜਾਂਦਾ ਹੈ।






1952 ਦੀ ਵਧੀਕ ਉਸਾਰੀ ਤੋਂ ਪਹਿਲਾਂ ਕਾਰਨੇਗੀ ਲਾਇਬਰੇਰੀ



ਕਾਰਨੇਗੀ ਲਾਇਬਰੇਰੀ ਅਤੇ ਪੁਰਾਣਾ ਫਾਇਰ ਹਾਲ

# 15 ਦਾ ਮਿੱਲ (1860s)
## 60 ਕਵੀਨ ਸਟਰੀਟ ਪੂਰਬੀ



ਮਿੱਲ ਦੀ ਪੁਰਾਲੇਖੀ ਫੋਟੋਗਰਾਫ਼


Warehouse-The Mill Complex
1910
Heritage Listed
BRAMPTON HERITAGE BOARD

## ਦਿਸ਼ਾ ਨਿਰਦੇਸ਼

ਮਿੱਲ ਦੇ ਨਾਲ ਕਰਕੇ ਜਾਂਦੀ ਤੰਗ ਗਲ਼ੀ ਦੇ ਨਾਲ ਨਾਲ ਚੱਲੋ। ਜਦ ਤੁਸੀਂ ਯੂਨੀਅਨ ਸਟਰੀਟ ਪਹੁੰਚਦੇ ਹੋ, ਤਾਂ ਪੁਲ਼ ਦੇ ਹੇਠਾਂ ਜਾਣ ਲਈ ਸੱਜੇ ਪਾਸੇ ਮੁੜੋ ਅਤੇ ਯੂਨੀਅਨ ਦੇ ਨਾਲ ਨਾਲ ਪੈਦਲ ਚੱਲਣਾ ਜਾਰੀ ਰੱਖੋ ਜਦ ਤੱਕ ਤੁਸੀਂ ਚਰਚ ਸਟਰੀਟ ’ਤੇ ਨਹੀਂ ਆ ਜਾਂਦੇ। ਖੱਬੇ ਪਾਸੇ ਮੁੜੋ, ਲਗਭਗ 40 ਮੀਟਰ ਚੱਲੋ, ਅਤੇ ਤੁਹਾਡੇ ਖੱਬੇ ਪਾਸੇ ਤੁਸੀਂ ਫਾਰਮਹਾਊਸ ਦੇਖੋਗੇ।

‘ਮਿੱਲ’ ਦਾ ਇਤਿਹਾਸ ਲੰਬਾ ਹੈ ਅਤੇ ਪਿਛਲੇ ਸਾਲਾਂ ਦੌਰਾਨ ਇਹ ਕਈ ਤਬਦੀਲੀਆਂ ਵਿੱਚੋਂ ਗੁਜ਼ਰੀ ਹੈ। ਸ਼ੁਰੂ ਵਿੱਚ ਇੱਕ ਪਲੇਨਿੰਗ ਮਿੱਲ ਅਤੇ ਐਸ਼ ਫੈਕਟਰੀ ਵਜੋਂ ਨਿਰਮਿਤ, ਮੁੱਖ ਇਮਾਰਤ ਜਿਸਦਾ ਮੂਹਰਲਾ ਪਾਸਾ ਕਵੀਨ ਸਟਰੀਟ ’ਤੇ ਆਉਂਦਾ ਸੀ, 19ਵੀਂ ਸਦੀ ਦੇ ਅੰਤ ਦੇ ਆਸ-ਪਾਸ ਵੇਚ ਦਿੱਤੀ ਗਈ ਸੀ ਅਤੇ ਇਸਨੂੰ ਇੱਕ ਊਨੀ ਮਿੱਲ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ। ਜਾਇਦਾਦ ਦੇ ਪਿਛਲੇ ਪਾਸੇ ਦੂਜੀ ਇਮਾਰਤ (ਜੋ ਹੁਣ ਮੁੱਖ ਇਮਾਰਤ ਦੇ ਨਾਲ ਜੋੜੀ ਗਈ ਹੈ) ਨੂੰ 1910 ਵਿੱਚ ਜੋੜਿਆ ਗਿਆ ਸੀ ਅਤੇ ਇਸਨੇ ਇੱਕ ਵੇਅਰਹਾਊਸ ਵਜੋਂ ਕਾਰਜ ਕੀਤਾ। 1922 ਵਿੱਚ, ਇਮਾਰਤਾਂ ਨੂੰ ਵੇਚ ਦਿੱਤਾ ਗਿਆ ਸੀ ਅਤੇ ਇੱਕ ਪਿੱਕਰ ਰੂਮ 1933 ਵਿੱਚ ਜੋੜਿਆ ਗਿਆ ਸੀ। “ਬਰੈਮਪਟਨ ਨਿਟਿੰਗ ਮਿੱਲਜ਼” ਦੇ ਉਤਪਾਦ ਪ੍ਰਸਿੱਧ ਗਾਹਕਾਂ ਕੋਲ ਜਾਂਦੇ ਸੀ ਜਿਵੇਂ ਕਿ ਬੋਇਰ ਯੁੱਧ ਦੇ ਦੌਰਾਨ ਬ੍ਰਿਟਿਸ਼ ਮਿਲਟਰੀ ਕੋਲ ਅਤੇ ਦੂਜੇ ਵਿਸ਼ਵ ਯੁੱਧ ਦੌਰਾਨ ਕੈਨੇਡੀਅਨ ਮਿਲਟਰੀ ਕੋਲ।

ਇਹਨਾਂ ਇਮਾਰਤਾਂ/ਵਧੀਕ ਉਸਾਰੀਆਂ ਵਿੱਚੋਂ ਤਿੰਨੋਂ ਹੀ ਆਪਣੇ ਸਮੇਂ ਦੀ ਉਦਯੋਗਿਕ ਬਣਤਰ ਦੀਆਂ ਪ੍ਰਤੀਨਿਧ ਹਨ, ਪਰ ਬਾਅਦ ਵਿੱਚ ਹੋਈਆਂ ਮੁੜ-ਮੁਰੰਮਤਾਂ ਨੇ ਇਮਾਰਤਾਂ ਦੇ ਚਰਿੱਤਰ ਨੂੰ ਜਿਕਰਯੋਗ ਤਰੀਕੇ ਨਾਲ ਬਦਲ ਦਿੱਤਾ ਹੈ। ਖਿੜਕੀਆਂ ਅਤੇ ਦਰਵਾਜ਼ਿਆਂ ’ਤੇ ਵੂਸਵਾਰਜ਼, ਕੀਸਟੋਨ ਜਾਂ ਕਮਾਨੀਦਾਰ ਸ਼ਕਲ ਹੁਣ ਦਿਖਾਈ ਨਹੀਂ ਦਿੰਦੀ ਜੋ ਕਦੇ ਇਹਨਾਂ ਨੂੰ ਵਖਰਿਆਉਂਦੀ ਸੀ। ਫ਼ੁਸਾਦ, ਜੋ ਕਦੇ ਨਕਲੀ-ਮੂਹਰਲੇ ਪਾਸੇ ਦਾ ਦਿਖਾਵਾ ਕਰਦਾ ਸੀ, ਅਤੇ ਇੱਕ ਵਧੀਕ ਅੱਧੀ ਮੰਜਿਲ ਦੀ ਦਿੱਖ ਦਿੰਦਾ ਸੀ, ਵਿਸਤਰਿਤ ਰੂਪ ਵਿੱਚ ਬਦਲ ਦਿੱਤਾ ਗਿਆ ਹੈ, ਅਤੇ ਇੱਕ ਕੱਚ ਦਾ ਐਟਰੀਅਮ ਅਤੇ ਦੋਨਾਂ ਇਮਾਰਤਾਂ ਨੂੰ ਜੋੜਨ ਵਾਲਾ ਇੱਕ ਲਾਂਘਾ ਵੀ ਜੋੜ ਦਿੱਤਾ ਗਿਆ ਹੈ।




ਮਿੱਲ, ਪਿੱਕਰਜ਼ ਰੂਮ ਅਤੇ ਵੇਅਰਹਾਊਸ ਜਿਵੇਂ ਇਹ ਅੱਜ ਦਿਖਾਈ ਦਿੰਦੇ ਹਨ

# 16 ਫਾਰਮਹਾਊਸ (1890)
## 27 ਚਰਚ ਸਟਰੀਟ ਪੂਰਬੀ




## ਦਿਸ਼ਾ ਨਿਰਦੇਸ਼

ਯੂਨੀਅਨ ਸਟਰੀਟ ਵੱਲ ਵਾਪਸ ਚੱਲਕੇ ਆਓ। ਉੱਤਰ-ਪੂਰਬੀ ਕੋਨੇ ’ਤੇ, ਤੁਸੀਂ ਪ੍ਰੈੱਜਬਾਈਟੇਰੀਅਨ ਚਰਚ ਨੂੰ ਦੇਖੋਂਗੇ।

ਇਹ ਵੱਡਾ ਤਿੰਨ-ਮੰਜਲਾਂ ਘਰ 1890 ਅਤੇ 1892 ਵਿੱਚ ਖੜ੍ਹਾ ਕੀਤਾ ਗਿਆ ਸੀ ਅਤੇ ਇੱਕ ਅਜਿਹੇ ਪਲਾਟ ’ਤੇ ਖੜ੍ਹਾ ਕੀਤਾ ਗਿਆ ਸੀ ਜੋ ਚਰਚ ਸਟਰੀਟ ਪੂਰਬੀ ਅਤੇ ਯੂਨੀਅਨ ਸਟਰੀਟ ਦੇ ਕੋਨੇ ਤੱਕ ਫੈਲਿਆ ਹੋਇਆ ਸੀ। ਇਸ ਮਕਾਨ ਵਿੱਚ ਕਵੀਨ ਐਨੀ ਰੀਵਾਈਵਲ ਅਤੇ ਉੱਚੇ ਵਿਕਟੋਰੀਅਨ ਗੋਥਿਕ ਸਟਾਈਲਾਂ ਤੋਂ ਲਏ ਅੰਸ਼ਾਂ ਦਾ ਸੁਮੇਲ ਹੈ, ਜੋ ਇਸਨੂੰ ਇੱਕ ਨਿਵੇਕਲੀ ਦਿੱਖ ਦਿੰਦਾ ਹੈ। ਚਾਰਾਂ ਵਿੱਚੋਂ ਤਿੰਨ ਗ੍ਰਹਿ-ਸਿਖਰਾਂ ਵਿੱਚ, ਉੱਚੀ ਛੱਤ ਇੱਕ ਵਿਲੱਖਣ ਡਿਜ਼ਾਈਨ ਨੂੰ ਪ੍ਰਦਰਸ਼ਿਤ ਕਰਦੀ ਹੈ। ਗ੍ਰਹਿ-ਸਿਖਰਾਂ ਦੇ ਉੱਪਰਲੇ ਖੇਤਰ ਵਿੱਚ, ਇਕਹਰੀ ਵਰਗਾਕਾਰ ਖਿੜਕੀ ਨੂੰ ਘੇਰੇ ਹੋਏ, ਲੱਕੜੀ ਦੇ ਪੈਨਲ ਹਨ ਜੋ ਦੋ ਵਾਰੋ-ਵਾਰੀ ਆਉਣ ਵਾਲੀਆਂ ਵੰਨਗੀਆਂ ਵਿੱਚ ਫੁੱਲਾਂ ਦੇ ਦੋ ਰੂਪਆਂਕਣਾਂ ਨਾਲ ਸਜਾਏ ਹੋਏ ਹਨ। ਫੁੱਲਾਂ ਦੇ ਰੂਪਆਂਕਣ ਦੇ ਹੇਠਾਂ, ਇਕਹਰੀ ਵੰਨਗੀ ਦੀ ‘ਫਿਸ਼ ਸਕੇਲ’ ਹੈ, ਇੱਕ ਅਜਿਹਾ ਡਿਜ਼ਾਈਨ ਜੋ ਬਰੈਮਪਟਨ ਦੇ ਪੁਰਾਣੇ ਘਰਾਂ ਵਿੱਚੋਂ ਕਈਆਂ ਵਿੱਚ ਬੇਹੱਦ ਆਮ ਹੈ।

### ਭਵਨ-ਨਿਰਮਾਣ ਸ਼ਬਦਾਵਲੀ

**ਗ੍ਰਹਿ ਸਿਖਰ** – ਕਿਸੇ ਗੇਬਲ ਵਾਲੀ ਛੱਤ (ਦੋ ਢਲਾਣਾਂ ਵਾਲੀ ਛੱਤ) ਦੇ ਠੀਕ ਹੇਠਾਂ ਕਿਸੇ ਕੰਧ ਦਾ ਤਿਕੋਣਾ ਖੰਡ। ਕੋਈ ਛੱਤ ਜੋ ਕਿਸੇ ਇਮਾਰਤ ਦੀ ਹਰੇਕ ਉਚਾਈ (ਪਾਸੇ) ਵੱਲ ਢਲਾਣਦਾਰ ਹੈ, ਉਸਨੂੰ ਹਿੱਪਡ ਰੂਫ ਵਜੋਂ ਜਾਣਿਆ ਜਾਂਦਾ ਹੈ।



**ਗੇਬਲਡ ਰੂਫ** **ਹਿੱਪਡ ਰੂਫ**

# 17 ਸੇਂਟ ਐਂਡਰਿਊਜ਼ ਪ੍ਰੈੱਜ਼ਬਾਈਟੇਰੀਅਨ ਚਰਚ (1880)

## 44 ਚਰਚ ਸਟਰੀਟ ਪੂਰਬੀ




### ਦਿਸ਼ਾ ਨਿਰਦੇਸ਼

ਯੂਨੀਅਨ ਸਟਰੀਟ ’ਤੇ ਉੱਤਰ ਵੱਲ ਚੱਲੋ। ਜਦ ਸਟਰੀਟ ਖੱਬੇ ਪਾਸੇ ਮੋੜ ਮੁੜਦੀ ਹੈ ਅਤੇ ਅਲੈਗਜ਼ੈਂਡਰ ਸਟਰੀਟ ਬਣ ਜਾਂਦੀ ਹੈ, ਤਾਂ ਤੁਸੀਂ ਆਪਣੇ ਸੱਜੇ ਪਾਸੇ ਸੈਂਟਰਲ ਪਬਲਿਕ ਸਕੂਲ ਦੇਖੋਗੇ।



ਸੇਂਟ ਐਂਡਰਿਊਜ਼ ਦੀਆਂ ਜੜ੍ਹਾਂ 1848 ਵਿੱਚ ਲੱਭੀਆਂ ਜਾ ਸਕਦੀਆਂ ਹਨ ਜਦ ਬਰੈਮਪਟਨ ਖੇਤਰ ਦੇ ਪ੍ਰੈੱਜ਼ਬਾਈਟੇਰੀਅਨਾਂ ਨੇ ਆਪਣੇ ਪਹਿਲੇ ਮਿਨਿਸਟਰ ਨੂੰ ਨਿਯੁਕਤ ਕੀਤਾ ਸੀ। ਵਰਤਮਾਨ ਇਮਾਰਤ ਦੀ ਉਸਾਰੀ 1 ਜੁਲਾਈ, 1880 ਨੂੰ ਸ਼ੁਰੂ ਹੋਈ ਸੀ ਅਤੇ ਇਸਨੂੰ 1881 ਨੂੰ ਪੂਰਾ ਕਰ ਲਿਆ ਗਿਆ। ਵਰਤਮਾਨ ਇਮਾਰਤ ਨੂੰ ਕਰੈਡਿਟ ਵਾਲੀ (Credit Valley) ਪੱਥਰ ਨਾਲ ਉਸਾਰਿਆ ਗਿਆ ਹੈ ਜਿਸਨੂੰ ਕੇਲਡਨ ਤੋਂ ਇੱਕ ਅਜਿਹੇ ਸਥਾਨ ਤੋਂ ਕੱਢਿਆ ਗਿਆ ਸੀ ਜਿਸਦਾ ਮਾਲਕ ਕੇਨੈੱਥ ਕ੍ਰਿਸਹੋਮ ਸੀ। ਡਿਜ਼ਾਈਨ ਟੋਰਾਂਟੋ ਦੀ ਭਵਨ-ਨਿਰਮਾਣ ਕੰਪਨੀ ਗੋਰਡਨ ਐਂਡ ਹੈਲੀਵੈੱਲ ਦਾ ਹੈ, ਜੋ ਟੋਰਾਂਟੋ ਵਿੱਚ ਆਪਣੇ ਚਰਚ ਕਮਿਸ਼ਨਾਂ ਵਾਸਤੇ ਜਾਣੀ ਜਾਂਦੀ ਹੈ। ਇਸ ਰੱਖ ਦਾ ਅੰਦਰੂਨੀ ਭਾਗ, ‘ਐਕਰੋਨ ਪਲਾਨ’ ’ਤੇ ਆਧਾਰਿਤ ਹੈ, ਜੋ ਇੱਕ ਅਰਧ-ਚੱਕਰਾਕਾਰ ਪਯੂ ਤਰਤੀਬ ਹੈ ਜਿਸਦੀ ਗੈਲਰੀ ਵੀ ਇਸੇ ਰੂਪ ਦੀ ਹੈ, ਇਸਨੂੰ ਐਕਰੋਨ, ਓਹੀਓ ਵਿੱਚ ਇੱਕ ਚਰਚ ਵਾਸਤੇ ਨਾਮ ਦਿੱਤਾ ਗਿਆ ਸੀ ਜਿੱਥੇ ਇਸਦੀ ਪਹਿਲੀ ਵਾਰ ਵਰਤੋਂ ਕੀਤੀ ਗਈ ਸੀ।

ਇਸ ਇਮਾਰਤ ਦੀ ਕਈ ਪੱਧਰਾਂ ’ਤੇ ਸੱਭਿਆਚਾਰਕ ਵਿਰਾਸਤੀ ਅਹਿਮੀਅਤ ਹੈ। ਇਹ ਆਪਣੇ ਭਵਨ-ਨਿਰਮਾਤਾਵਾਂ ਦੀਆਂ ਪ੍ਰਤਿਭਾਵਾਂ ਨੂੰ ਪ੍ਰਦਰਸ਼ਿਤ ਕਰਦੀ ਹੈ ਜਿੰਨ੍ਹਾਂ ਨੇ ਇੱਕ ਅਜਿਹੀ ਰੱਖ ਅਤੇ ਆਡੀਟੋਰੀਅਮ ਨੂੰ ਡਿਜ਼ਾਈਨ ਕੀਤਾ ਜਿਸਨੇ 100 ਤੋਂ ਵਧੇਰੇ ਸਾਲਾਂ ਤੋਂ ਇੱਕ ਲਾਭਦਾਇਕ ਅਤੇ ਖ਼ੂਬਸੂਰਤ ਸੁਵਿਧਾ ਵਜੋਂ ਸੇਵਾ ਨਿਭਾਈ ਹੈ। ਇਹ ਬਰੈਮਪਟਨ ਦੇ ਉਹਨਾਂ ਮਿਸਤਰੀਆਂ ਦੇ ਹੁਨਰਾਂ ਨੂੰ ਵੀ ਉਘਾੜਦੀ ਹੈ ਜਿੰਨ੍ਹਾਂ ਨੇ ਇਸ ਭਵਨ ਨੂੰ ਬਣਾਇਆ ਸੀ। ਇਹ ਇਮਾਰਤ ਬਰੈਮਪਟਨ ਖੇਤਰ ਵਿੱਚ ਪ੍ਰੈੱਜ਼ਬਾਈਟੇਰੀਆਨਿਜ਼ਮ ਦੇ ਚਿਰ-ਸਥਾਈ ਯੋਗਦਾਨ ਦਾ ਸਬੂਤ ਹੈ, ਅਤੇ ਇੱਕ ਅਹਿਮ ਬਰੈਮਪਟਨ ਭੂ-ਚਿੰਨ੍ਹ ਬਣੀ ਹੋਈ ਹੈ।

# 18 ਸੈਂਟਰਲ ਪਬਲਿਕ ਸਕੂਲ (1916)
## 24 ਅਲੈਗਜੈਂਡਰ ਸਟਰੀਟ



Ellis and Connery
Architectural Firm
1916
Heritage Listed
BRAMPTON HERITAGE BOARD

## ਦਿਸ਼ਾ ਨਿਰਦੇਸ਼

ਅਲੈਗਜੈਂਡਰ ਸਟਰੀਟ ’ਤੇ ਚੱਲਣਾ ਜਾਰੀ ਰੱਖੋ ਜਦ ਤੱਕ ਤੁਸੀਂ ਮੇਨ ਸਟਰੀਟ ’ਤੇ ਨਹੀਂ ਪਹੁੰਚ ਜਾਂਦੇ। ਸੱਜੇ ਪਾਸੇ ਮੁੜੋ ਅਤੇ ਮੇਨ ਸਟਰੀਟ ’ਤੇ ਉੱਤਰ ਵੱਲ ਚੱਲੋ ਜਦ ਤੱਕ ਤੁਸੀਂ ਰੋਜ਼ਡੇਲ ਐਵੇਨਿਊ ਨਹੀਂ ਪਹੁੰਚ ਜਾਂਦੇ। ਮੇਨ ਸਟਰੀਟ ਨੂੰ ਪਾਰ ਕਰੋ ਅਤੇ ਦੱਖਣ ਵੱਲ ਪੈਦਲ ਚੱਲੋ ਜਦ ਤੱਕ ਮੇਨ ਸਟਰੀਟ ਅਤੇ ਡੇਵਿਡ ਸਟਰੀਟ ਦੇ ਕੋਨੇ ’ਤੇ ਤੁਸੀਂ ਔਕਟਾਗਨ ਹਾਊਸ ਨੂੰ ਨਹੀਂ ਦੇਖ ਲੈਂਦੇ।

ਸੈਂਟਰਲ ਪਬਲਿਕ ਸਕੂਲ ਡਾਊਨਟਾਊਨ ਬਰੈਮਪਟਨ ਵਿੱਚ ਸਭ ਤੋਂ ਪੁਰਾਣੇ ਬਚੇ ਰਹਿਣ ਵਾਲੇ ਜਨਤਕ ਸਕੂਲਾਂ ਵਿੱਚੋਂ ਇੱਕ ਹੈ। ਬਰੈਮਪਟਨ ਵਿੱਚ ਜਨਤਕ ਸਿੱਖਿਆ ਦੇ ਸ਼ੁਰੂਆਤੀ ਵਿਕਾਸ ਨਾਲ ਜੁੜੀ ਹੋਈ, ਸੈਂਟਰਲ ਸਕੂਲ ਦੀ ਜਗਹ ਨੂੰ ਲਗਾਤਾਰ ਲਗਭਗ 130 ਸਾਲਾਂ ਵਾਸਤੇ ਸਿੱਖਿਆ ਸਬੰਧੀ ਮਕਸਦਾਂ ਵਾਸਤੇ ਵਰਤਿਆ ਗਿਆ ਸੀ।



ਅਲੈਗਜੈਂਡਰ ਸਟਰੀਟ ’ਤੇ ਪਹਿਲੇ ਸਕੂਲ-ਹਾਊਸ ਦਾ ਸਕੈੱਚ, ਜਿਸਨੇ ਆਪਣੇ ਦਰਵਾਜ਼ੇ 1856 ਵਿੱਚ ਖੋਲ੍ਹੇ

ਹੱਦੋਂ ਵੱਧ ਭੀੜ ਹੋਣ ਦੀਆਂ ਹਾਲਤਾਂ ਸਾਬਕਾ ਸੈਂਟਰਲ ਪਬਲਿਕ ਸਕੂਲ ਵਿੱਚ 20ਵੀਂ ਸਦੀ ਵਿੱਚ ਵੀ ਜਾਰੀ ਰਹੀਆਂ। 1916 ਵਿੱਚ, ਵਰਤਮਾਨ ਸੈਂਟਰਲ ਪਬਲਿਕ ਸਕੂਲ ਨੇ ਆਪਣੇ ਦਰਵਾਜ਼ੇ ਵਿਦਿਆਰਥੀਆਂ ਵਾਸਤੇ ਖੋਲ੍ਹ ਦਿੱਤੇ, ਹਾਲਾਂਕਿ ਇਹ 1920ਵਿਆਂ ਤੱਕ ਸਾਰੇ ਦਾ ਸਾਰਾ ਪੂਰਾ ਨਹੀਂ ਸੀ ਹੋਇਆ।

ਈਲਿਸ ਐਂਡ ਕੌਨਰੀ, ਇੱਕ ਜਾਣੀ-ਪਛਾਣੀ ਟੋਰਂਟੋ ਦੀ ਭਵਨ-ਨਿਰਮਾਣ ਕੰਪਨੀ, ਨੇ ਇਸ ਸਕੂਲ ਵਾਸਤੇ ਡਿਜ਼ਾਈਨ ਦੀ ਸਿਰਜਣਾ ਕੀਤੀ ਸੀ। ਇਮਾਰਤ ਦਾ ਮੁੱਖ ਕੇਂਦਰ ਬਿੰਦੂ ਇੱਕ ਵਰਗਾਕਾਰ ਸਿਰ ਵਾਲਾ ਪ੍ਰਮੁੱਖ ਦਲਾਨ ਹੈ ਜਿਸਨੂੰ ਨਕਾਸ਼ੀ ਕੀਤੇ ਪੱਥਰ ਨਾਲ ਸਿਰਜਿਆ



ਸੈਂਟਰਲ ਪਬਲਿਕ ਸਕੂਲ ਦਾ ਪ੍ਰਮੁੱਖ ਦਲਾਨ

ਗਿਆ ਹੈ ਜਿਸਦੇ ਉੱਪਰ ਇੱਕ ਟਰੈਨਸਮ (transom) ਹੈ, ਜੋ ਹਰੇਕ ਪਾਸੇ ਸਥਿਤ ਛੇ-ਫੁੱਟ ਉੱਚੀਆਂ ਖਿੜਕੀਆਂ ਦੀ ਲੜੀ ਨੂੰ ਚਾਰ ਚੰਨ ਲਾਉਂਦਾ ਹੈ। ਚੌਖਟ ਵਿੱਚੋਂ ਕੱਟਿਆ ਗਿਆ ਡੇਟਸਟੋਨ, ਜੋ ਦਲਾਨ ਦਾ ਤਾਜ ਹੈ, ਇਸ ਇਮਾਰਤ ਵਿੱਚ ਵਰਤੀਆ ਗਈਆਂ ਬਹੁਤ ਸਾਰੀਆਂ ਕਲਾਸੀਕਲ ਖੂਬੀਆਂ ਵਿੱਚੋਂ ਇੱਕ ਹੈ, ਤਾਂ ਜੋ ਨਾਗਰਿਕ ਉਦਯੋਗ, ਮਰਯਾਦਾ ਅਤੇ ਵਿਵਸਥਾ ਦਾ ਸੰਕੇਤ ਦਿੱਤਾ ਜਾ ਸਕੇ।

ਇਹ ਜਗਹ ਅਤੇ ਇਮਾਰਤ ਬਰੈਮਪਟਨ ਦੀ ਜਨਤਾ ਦੀ ਇੱਕ ਭਾਈਚਾਰਕ ਕੇਂਦਰ ਵਜੋਂ ਸੇਵਾ ਕਰਨੀ ਜਾਰੀ ਰੱਖ ਰਹੀਆਂ ਹਨ। ਬਰੈਮਪਟਨ ਸਕੂਲ ਬੋਰਡ ਨੇ ਕਈ ਸਾਰੇ ਸਕੂਲਾਂ ਦਾ ਨਾਮ ਸੈਂਟਰਲ ਪਬਲਿਕ ਸਕੂਲ ਦੇ ਅਧਿਆਪਕਾਂ ਅਤੇ ਪ੍ਰਿੰਸੀਪਲਾਂ ਦੇ ਨਾਮ 'ਤੇ ਭਾਈਚਾਰੇ ਵਿੱਚ ਪਾਏ ਗਏ ਉਹਨਾਂ ਦੇ ਚਿਰ-ਸਥਾਈ ਯੋਗਦਾਨ ਦੇ ਮਾਣ ਵਜੋਂ ਰੱਖਿਆ, ਜਿੰਨ੍ਹਾਂ ਵਿੱਚ ਸ਼ਾਮਲ ਹਨ ਐਗਨਸ ਟੇਲਰ, ਮਿਸ ਬੀਟੀ, ਮਿਸ ਫਲੇਮਿੰਗ ਅਤੇ ਟੀ.ਐੱਮ. ਮੈਕਹੁਗ।

### ਭਵਨ-ਨਿਰਮਾਣ ਸ਼ਬਦਾਵਲੀ

**ਟਰੈਨਸਮ** – ਕਿਸੇ ਦਰਵਾਜ਼ੇ ਦੇ ਠੀਕ ਉੱਪਰ ਛੋਟੀ ਖਿੜਕੀ।



## ਓਲਡ ਬਰੈਮਪਟਨ ਸੀਮਿਟਰੀ



ਜੇ ਤੁਸੀਂ ਇਸ ਲਈ ਤਿਆਰ ਹੋ, ਤਾਂ ਮੇਨ ਸਟਰੀਟ 'ਤੇ ਉੱਤਰ ਵੱਲ ਜਾਓ ਅਤੇ ਪੂਰਬੀ ਪਾਸੇ, ਤੁਸੀਂ ਓਲਡ ਬਰੈਮਪਟਨ ਸੀਮਿਟਰੀ (ਬਰੈਮਪਟਨ ਦਾ ਪੁਰਾਣਾ ਕਬਰਸਤਾਨ) ਦੇਖੋਗੇ। ਇਹ ਮਨੋਨੀਤ ਕਬਰਸਤਾਨ ਇਸ ਖੇਤਰ ਦੇ ਸਭ ਤੋਂ ਪੁਰਾਣੇ ਅਤੇ ਇਤਿਹਾਸਕ ਤੌਰ 'ਤੇ ਸਭ ਤੋਂ ਅਹਿਮ ਕਬਰਸਤਾਨਾਂ ਵਿੱਚੋਂ ਹੈ। ਇਸਨੂੰ ਲਗਭਗ 1825 ਵਿੱਚ ਸਥਾਪਤ ਕੀਤਾ ਗਿਆ ਸੀ, ਜੋ ਇਸਨੂੰ ਪੀਲ ਰੀਜ਼ਨ ਵਿੱਚ ਸਭ ਤੋਂ ਪੁਰਾਣੇ ਕਬਰਸਤਾਨਾਂ ਵਿੱਚੋਂ ਇੱਕ ਅਤੇ ਨਿਸ਼ਚਿਤ ਤੌਰ 'ਤੇ ਬਰੈਮਪਟਨ ਵਿੱਚ ਸਭ ਤੋਂ ਪੁਰਾਣਾ ਜਨਤਕ ਕਬਰਸਤਾਨ ਬਣਾਉਂਦਾ ਹੈ।

ਸ਼ੁਰੂ ਵਿੱਚ ਆਕੇ ਵਸੇ ਬਹੁਤ ਸਾਰੇ ਉੱਘੇ ਲੋਕਾਂ ਨੂੰ ਇਸ ਕਬਰਸਤਾਨ ਵਿੱਚ ਦਫਨਾਇਆ ਗਿਆ ਸੀ। ਸ਼ਾਇਦ ਸਭ ਤੋਂ ਵੱਧ ਅਹਿਮ ਜੌਹਨ ਈਲੀਅਟ (1794 – 1871) ਹੈ, ਜੋ ਸਭ ਤੋਂ ਪਹਿਲਾਂ ਵਸਣ ਵਾਲਿਆਂ ਵਿੱਚੋਂ ਇੱਕ ਸੀ। ਇਸ ਕਬਰਸਤਾਨ ਵਿੱਚ ਕਈ ਸਾਰੇ ਮੌਲਿਕ, ਹੱਥ-ਨਕਾਸ਼ੀ ਕੀਤੇ ਮਕਬਰਾ-ਪੱਥਰ ਅਤੇ ਚਿੰਨ੍ਹ ਹਨ ਜੋ ਚੰਗੀ ਤਰ੍ਹਾਂ ਨੇਪਰੇ ਚਾੜ੍ਹੀਆਂ ਅਤੇ ਖੂਬਸੂਰਤ, ਬੂਟੀਆਂ, ਚਿੰਨ੍ਹਾਂ ਅਤੇ ਸ਼ਿਲਾਲੇਖਾਂ ਨੂੰ ਪ੍ਰਦਰਸ਼ਿਤ ਕਰਦੇ ਹਨ।

ਇਸਦੇ ਅਤੇ ਬਰੈਮਪਟਨ ਵਿੱਚ ਹੋਰ ਮੋਢੀ ਕਬਰਸਤਾਨਾਂ ਦੀਆਂ ਵਿਰਾਸਤੀ ਖੂਬੀਆਂ ਅਤੇ ਰੁਤਬੇ ਨੂੰ ਸਾਂਭ ਕੇ ਰੱਖਣ ਲਈ, ਸ਼ਹਿਰ ਨੇ ਇੱਕ ਕਬਰਸਤਾਨ ਪ੍ਰੋਗਰਾਮ ਸ਼ੁਰੂ ਕੀਤਾ ਹੈ ਜਿਸ ਦੁਆਰਾ ਸਾਰੇ 29 ਮੋਢੀ ਕਬਰਸਤਾਨਾਂ ਨੂੰ ਦਸਤਾਵੇਜ਼ਬੱਧ ਅਤੇ ਮਨੋਨੀਤ ਕੀਤਾ ਜਾਵੇਗਾ। ਇਸਤੋਂ ਇਲਾਵਾ, ਸ਼ਹਿਰ ਨੇ ਇੱਕ ਵਿਰਾਸਤੀ ਕਬਰਸਤਾਨ ਸ਼ਹਿਰੀ ਡਿਜ਼ਾਈਨ ਪੈਕੇਜ ਦਾ ਵਿਕਾਸ ਕੀਤਾ ਹੈ। ਇਹ ਪੈਕੇਜ ਗੇਟ ਲਗਾਕੇ ਜਾਂ ਇਹਨਾਂ ਨੂੰ ਮੁੜ-ਸਥਾਪਤ ਕਰਕੇ, ਵਾੜ ਕਰਕੇ, ਰੌਸ਼ਨੀ ਕਰਕੇ ਅਤੇ ਜਿੱਥੇ ਕਿਤੇ ਉਚਿਤ ਹੋਵੇ ਓਥੇ ਵਿਰਾਸਤੀ ਲੈਂਡ-ਸਕੇਪਿੰਗ ਯੋਜਨਾਵਾਂ ਲਾਗੂ ਕਰਕੇ, ਬਰੈਮਪਟਨ ਦੇ ਵਿਰਾਸਤੀ ਕਬਰਸਤਾਨਾਂ ਦੀ ਦਿਖਣਯੋਗਤਾ, ਇਤਿਹਾਸਕ ਚਰਿੱਤਰ, ਅਤੇ ਰੁਤਬੇ ਵਿੱਚ ਸੁਧਾਰ ਕਰੇਗਾ।

"ਇਸ ਕਸਬੇ ਵਿੱਚ ਆਪਣੇ ਬੱਚਿਆਂ ਨੂੰ ਸਿੱਖਿਅਤ ਕਰਨ ਦੀਆਂ ਸੁਵਿਧਾਵਾਂ ਬਹੁਤ ਵਧੀਆ ਹਨ;
ਜੇ ਉਹਨਾਂ ਨੂੰ ਵੱਡੇ ਹੋਕੇ ਮੂਰਖ ਬਣਨ ਦਿੱਤਾ ਜਾਂਦਾ ਹੈ, ਤਾਂ ਇਹ ਸਕੂਲਾਂ ਦੀ ਕਮੀ ਕਰਕੇ ਨਹੀਂ ਹੋਵੇਗਾ "
– ਬਰੈਮਪਟਨ ਦੀ 100ਵੀਂ ਵਰ੍ਹੇਗੰਢ

# 19 ਔਕਟਾਗਨ ਹਾਊਸ (ਲਗਭਗ 1880)
## 227 ਮੇਨ ਸਟਰੀਟ ਉੱਤਰੀ




N
W E
S

## ਦਿਸ਼ਾ ਨਿਰਦੇਸ਼

ਮੇਨ ਸਟਰੀਟ 'ਤੇ ਚੱਲਣਾ ਜਾਰੀ ਰੱਖੋ ਜਦ ਤੱਕ ਤੁਸੀਂ ਚਰਚ ਸਟਰੀਟ 'ਤੇ ਨਹੀਂ ਪਹੁੰਚ ਜਾਂਦੇ। ਮੇਨ ਸਟਰੀਟ ਨੂੰ ਪਾਰ ਕਰੋ, ਅਤੇ ਉੱਤਰ-ਪੂਰਬੀ ਕੋਨੇ 'ਤੇ ਤੁਸੀਂ ਗਰੇਸ ਯੂਨਾਈਟਡ ਚਰਚ ਦੇਖੋਗੇ।



227 ਮੇਨ ਸਟਰੀਟ ਉੱਤਰੀ ਵਿਖੇ ਔਕਟਾਗਨ ਹਾਊਸ ਦਾ ਸਕੈੱਚ

ਓਨਟਾਰੀਓ ਵਿੱਚ ਇੱਕ ਦੁਰਲੱਭ ਇਮਾਰਤੀ ਸ਼ੈਲੀ, 227 ਮੇਨ ਸਟਰੀਟ ਉੱਤਰੀ ਬਰੈਮਪਟਨ ਵਿੱਚ ਦੋ ਅਸ਼ਟ-ਭੁਜੀ ਮਕਾਨਾਂ ਵਿੱਚੋਂ ਇੱਕ ਹੈ। ਇਹ ਰਫਕਾਸਟ ਮਕਾਨ ਲਗਭਗ 1880 ਵਿੱਚ ਬਣਾਇਆ ਗਿਆ ਸੀ ਅਤੇ ਇਸਨੂੰ ਵਿਲੀਅਮ ਬਰਡ ਵੱਲੋਂ ਡਿਜ਼ਾਈਨ ਕੀਤਾ ਗਿਆ ਹੈ, ਜੋ ਬਰੈਮਪਟਨ ਵਿੱਚ ਦੂਜੇ ਅਸ਼ਟ-ਭੁਜੀ ਮਕਾਨ ਦੀ ਉਸਾਰੀ ਨਾਲ ਵੀ ਸਬੰਧਿਤ ਹੈ। ਇਹ ਦੋ ਮੰਜਿਲਾ ਘਰ ਸੰਰੱਖਿਅਣ ਦੀ ਇੱਕ ਸ਼ਾਨਦਾਰ ਅਵਸਥਾ ਨੂੰ ਪ੍ਰਦਰਸ਼ਿਤ ਕਰਦਾ ਹੈ। ਖੋਖਲੀਆਂ, ਲੰਬੇ-ਦਾਅ ਝਰੀਆਂ ਦੇ ਨਾਲ ਲੱਕੜ ਦੇ ਥੰਮ੍ਹ ਮਕਾਨ ਦੇ ਹਰੇਕ ਪਾਸੇ ਦਾ ਢਾਂਚਾ ਬਣਾਉਂਦੇ ਹਨ, ਜਦਕਿ ਮਕਾਨ ਦੇ ਹਰੇਕ ਫਸਾਡ ਵਿੱਚ ਸ਼ਟਰਾਂ ਵਾਲੀਆਂ ਚਪਟੀਆਂ ਖਿੜਕੀਆਂ ਹਨ।

# ਡੇਲ ਇਸਟੇਟ




ਫੁੱਲਾਂ ਦੇ ਸ਼ਹਿਰ ਨੇ ਆਪਣੀ ਸ਼ੁਰੂਆਤ 1860ਵਿਆਂ ਵਿੱਚ ਪ੍ਰਾਪਤ ਕੀਤੀ ਜਦ ਈਡਵਾਰਡ ਅਤੇ ਹੈਰੀ ਡੇਲ ਨੇ ਗੁਲਾਬਾਂ ਅਤੇ ਹੋਰ ਕੱਟੇ ਜਾਣ ਵਾਲੇ ਫੁੱਲਾਂ ਦੀ ਖੇਤੀ ਸ਼ੁਰੂ ਕੀਤੀ। ਉਹਨਾਂ ਨੇ ਡੇਲ ਇਸਟੇਟ ਦੀ ਸਥਾਪਨਾ ਕੀਤੀ, ਜੋ 1915 ਤੱਕ ਬਰੈਮਪਟਨ ਦੀ ਸਭ ਤੋਂ ਵੱਡੀ ਰੁਜ਼ਗਾਰਦਾਤਾ ਬਣ ਗਈ, ਜੋ 1.2 ਮਿਲੀਅਨ ਵਰਗ ਫੁੱਟ ਤੋਂ ਵਧੇਰੇ ਦੇ ਗਰੀਨਹਾਊਸਾਂ ਵਿੱਚ 215 ਕਾਮਿਆਂ ਨੂੰ ਰੁਜ਼ਗਾਰ ਦੇ ਰਹੀ ਸੀ। ਆਪਣੀ ਚਰਮ ਸੀਮਾ ’ਤੇ, ਡੇਲ ਇਸਟੇਟ ਨੇ ਵਿਸ਼ਵ ਵਿੱਚ ਸਭ ਤੋਂ ਵੱਡੇ ਗਰੀਨਹਾਊਸ ਫੁੱਲ ਉਤਪਾਦਨ ਆਪਰੇਸ਼ਨ ਨੂੰ ਚਲਾਇਆ। ਡੇਲ ਦਾ ਸਮਾਰਾਜ ਕੱਚ ਦਾ ਸਮੁੰਦਰ ਸੀ ਜਿਸਨੇ ਇਸ ਸਾਧਾਰਨ ਖੇਤਰ ਵਿੱਚ 40 ਏਕੜ ਤੋਂ ਵਧੇਰੇ ਬਰੈਮਪਟਨ ਨੂੰ ਕੱਜਿਆ ਸੀ।

“ਕੈਨੇਡਾ ਦਾ ਫੁੱਲਾਂ ਦਾ ਸ਼ਹਿਰ” ਤੋਂ ਲੈਕੇ “ਫੁੱਲਾਂ ਦਾ ਸ਼ਹਿਰ” ਤੱਕ – ਡੇਲ ਇਸਟੇਟ ਦਾ ਵਿਰਸਾ ਵਰਤਮਾਨ ਦਿਨ ਤੱਕ ਵੀ ਜਾਰੀ ਹੈ ਜਦ ਸ਼ਹਿਰ ਆਪਣੀ ਫੁੱਲਾਂ ਦੀ ਵਿਰਾਸਤ ’ਤੇ ਮੁੜ-ਦਾਅਵਾ ਜਤਾ ਰਿਹਾ ਹੈ ਅਤੇ ਇਸਦਾ ਜਸ਼ਨ ਮਨਾ ਰਿਹਾ ਹੈ।









ਜਦ ਤੁਸੀਂ ਮੇਨ ਸਟਰੀਟ ’ਤੇ ਚੱਲਦੇ ਜਾਂਦੇ ਹੋ, ਤਾਂ ਬਹੁਤ ਸਾਰੇ ਖ਼ੂਬਸੂਰਤ ਘਰਾਂ ਦਾ ਮਜ਼ਾ ਲਓ ਜੋ ਸਟਰੀਟ-ਦ੍ਰਿਸ਼ ਦੀ ਖ਼ੂਬੀ ਹਨ।

# 20 ਗਰੇਸ ਯੂਨਾਈਟਡ ਚਰਚ (1865-1867)
## 156 ਮੇਨ ਸਟਰੀਟ ਉੱਤਰੀ




### ਦਿਸ਼ਾ ਨਿਰਦੇਸ਼

ਇੱਕ ਵਾਰ ਫੇਰ ਮੇਨ ਸਟਰੀਟ ਨੂੰ ਪਾਰ ਕਰੋ, ਅਤੇ ਚਰਚ ਸਟਰੀਟ ਦੇ ਨਾਲ ਨਾਲ ਪੱਛਮ ਵੱਲ ਪੈਦਲ ਚੱਲੋ। ਥਾਮਸ ਸਟਰੀਟ ਨੂੰ ਪਾਰ ਕਰਨ ਦੇ ਬਾਅਦ, ਤੁਸੀਂ ਆਪਣੇ ਸੱਜੇ ਪਾਸੇ “ਦਾ ਕੈਸਲ” ਦੇਖੋਗੇ।

ਗਰੇਸ ਯੂਨਾਈਟਡ ਚਰਚ ਦੀ ਸੰਗਤ 1822 ਤੋਂ ਪਹਿਲਾਂ ਦੇ ਸਾਲਾਂ ਵਿੱਚ ਪੈਦਾ ਹੋਈ। ਕਈ ਸਾਲਾਂ ਤੱਕ, ਇਸ ਸੰਗਤ ਨੇ ਕਈ ਸਾਰੇ ਸਥਾਨਾਂ ’ਤੇ ਪੂਜਾ ਕੀਤੀ, ਅਤੇ ਆਪਣੀਆਂ ਰਿਹਾਇਸ਼ਾਂ ਦੇ ਮੁਕਾਬਲੇ ਆਪਣੀ ਗਿਣਤੀ ਨੂੰ ਵਧਾਉਣਾ ਲਗਾਤਾਰ ਜਾਰੀ ਰੱਖਿਆ। 1846 ਤੱਕ, ਸੰਗਤ ਵਿੱਚ ਵਾਧਾ ਏਨਾ ਜ਼ਿਆਦਾ ਹੋ ਗਿਆ ਕਿ, ਇੱਕ ਵਾਰ ਫੇਰ, ਇੱਕ ਮੁਕਾਬਲਤਨ ਵੱਡੇ ਪੂਜਾ ਘਰ ਦੀ ਲੋੜ ਪੈ ਗਈ। 23 ਦਸੰਬਰ, 1865 ਨੂੰ, ਵਰਤਮਾਨ ਪਲਾਟ ਨੂੰ ਖਰੀਦਿਆ ਗਿਆ ਅਤੇ 1867 ਵਿੱਚ ਪ੍ਰਾਰਥਨਾਵਾਂ ਵਾਸਤੇ ਇੱਕ ਨਵੀਂ ਚਰਚ ਨੂੰ ਖੋਲ੍ਹਿਆ ਗਿਆ।


ਹਾਲਾਂਕਿ ਇਹ ਪਤਾ ਨਹੀਂ ਹੈ ਕਿ ਚਰਚ ਦੇ ਮੁੱਖ ਭਾਗ ਨੂੰ ਕਿਸਨੇ ਡਿਜ਼ਾਈਨ ਕੀਤਾ, ਪਰ ਜੈਸੀ ਪੈਰੀ, ਇੱਕ ਸਥਾਨਕ ਰਾਜ-ਮਿਸਤਰੀ ਅਤੇ ਪੱਥਰ-ਮਿਸਤਰੀ ਇਸਨੂੰ ਬਣਾਉਣ ਵਾਲਾ ਸੀ ਜਿਸਨੇ ਸੇਂਟ ਐਂਡਰਿਊ ਦੀ ਪ੍ਰੈਂਜ਼ਬਾਈਟੇਰੀਅਨ ’ਤੇ ਵੀ ਕੰਮ ਕੀਤਾ ਸੀ। ਦਸਤਾਵੇਜ਼ ਸੰਕੇਤ ਕਰਦੇ ਹਨ ਕਿ ਪੈਰੀ ਇਸਦਾ ਭਵਨ-ਨਿਰਮਾਤਾ ਹੋ ਸਕਦਾ ਸੀ ਕਿਉਂਕਿ ਚਰਚ ਇੱਕ ਮੁਨਾਰੇ ਵਾਲੀ ਸਰਲ ਆਇਤਾਕਾਰ ਸ਼ਕਲ ਸੀ ਅਤੇ ਇਸ ਵਾਸਤੇ ਵਿਸ਼ੇਸ਼ ਇੰਜੀਨੀਅਰਿੰਗ ਦੀ ਲੋੜ ਨਹੀਂ ਸੀ। ਕਿਸੇ ਪੇਸ਼ੇਵਰਾਨਾ ਮਿਸਤਰੀ ਨੇ ਇਸਨੂੰ ਆਪਣੀਆਂ ਖੁਦ ਦੀਆਂ ਯੋਜਨਾਵਾਂ ਤੋਂ ਬਣਾ ਲਿਆ ਹੁੰਦਾ। ਮੂਲ ਢਾਂਚੇ ਨੂੰ 1870, 1887, 1924, ਅਤੇ 1959/1960 ਵਿੱਚ ਵੱਡਾ ਕੀਤਾ ਗਿਆ ਸੀ।



ਬਰੈਮਪਟਨ ਦੇ ਬਹੁਤ ਸਾਰੇ ਮਹੱਤਵਪੂਰਨ ਪਰਿਵਾਰ ਗਰੇਸ ਯੂਨਾਈਟਡ ਚਰਚ ਦੇ ਨਾਲ ਜੁੜੇ ਹੋਏ ਹਨ। ਇਹਨਾਂ ਵਿਚਕਾਰ ਰਾਈਟਸ, ਆਰਮਸਟਰਾਂਗਜ, ਕੂਪਰਜ, ਬਰਾਈਡੋਨਜ਼, ਬੁੱਲਜ਼, ਆਰਕਡੇਕਿਨਸ, ਅਤੇ ਵਿਲੀਅਮ ਡੇਵਿਸ ਸ਼ਾਮਲ ਹਨ, ਜੋ ਓਨਟਾਰੀਓ ਦਾ ਸਾਬਕਾ ਪ੍ਰੀਮੀਅਰ ਸੀ।

# 21 ਰਾਈਟ ਕੈਸਲ (1853)
## 34 ਚਰਚ ਸਟਰੀਟ ਪੱਛਮੀ





### ਦਿਸ਼ਾ ਨਿਰਦੇਸ਼

ਚਰਚ ਸਟਰੀਟ ਨੂੰ ਪਾਰ ਕਰੋ ਅਤੇ CNR ਸਟੇਸ਼ਨ 'ਤੇ ਪਹੁੰਚਣ ਲਈ GO/VIA ਪਾਰਕਿੰਗ ਲਾਟ ਦੇ ਰਾਹੀਂ ਪੈਦਲ ਨਿਕਲੋ।



34 ਚਰਚ ਸਟਰੀਟ ਪੱਛਮੀ ਵਿਖੇ "ਦਾ ਕੈਸਲ" ਹਾਈ ਗੋਥਿਕ ਰੀਵਾਈਵਲ ਭਵਨ-ਨਿਰਮਾਣ ਦੀ ਇੱਕ ਅਚੰਭਾਜਨਕ ਉਦਾਹਰਨ ਹੈ। ਇਹ ਸ਼ਹਿਰ ਵਿੱਚ ਸਭ ਤੋਂ ਵੱਧ ਉੱਘੇ ਭੂ-ਚਿੰਨ੍ਹਾਂ ਵਿੱਚੋਂ ਇੱਕ ਬਣਿਆ ਹੋਇਆ ਹੈ ਅਤੇ ਇਸਨੇ 150 ਤੋਂ ਵਧੇਰੇ ਸਾਲਾਂ ਤੋਂ ਆਸ-ਪਾਸ ਦੇ ਚੌਗਿਰਦੇ ਦੇ ਚਰਿੱਤਰ ਨੂੰ ਘੜਨ ਅਤੇ ਇਸਨੂੰ ਪਰਿਭਾਸ਼ਤ ਕਰਨ ਵਿੱਚ ਮਦਦ ਕੀਤੀ ਹੈ।

ਇਹ ਅਹਿਮ ਇਮਾਰਤ ਭਵਨ-ਨਿਰਮਾਤਾ ਵਿਲੀਅਮ ਹੇਅ (1818-1888) ਦਾ ਕਾਰਜ ਸੀ, ਜੋ ਇੱਕ ਅੰਤਰਰਾਸ਼ਟਰੀ ਤੌਰ 'ਤੇ ਮਾਨਤਾ ਪ੍ਰਾਪਤ ਭਵਨ-ਨਿਰਮਾਤਾ ਸੀ ਜੋ ਜ਼ਿਆਦਾਤਰ ਗੋਥਿਕ ਰੀਵਾਈਵਲ ਸ਼ੈਲੀ ਵਿੱਚ

# ਵਿਲੀਅਮ ਹੇਅ

ਜਿਸਦਾ ਵਰਣਨ ਇੱਕ "ਦਿਆਲੂ ਅਤੇ ਮਿਲਾਪੜੇ ਸੁਭਾਅ" ਦੇ ਵਿਅਕਤੀ ਵਜੋਂ ਕੀਤਾ ਗਿਆ ਹੈ, ਉਸਨੇ 19ਵੀਂ ਸਦੀ ਦੇ ਮੱਧ ਵਿੱਚ ਕੈਨੇਡੀਅਨ ਭਵਨ-ਨਿਰਮਾਣ ਵਿੱਚ ਇੱਕ ਪ੍ਰਭਾਵਸ਼ਾਲੀ ਭੂਮਿਕਾ ਨਿਭਾਈ, ਹਾਲਾਂਕਿ ਟੋਰੰਟੋ ਵਿੱਚ ਉਸਦੀਆਂ ਇਮਾਰਤਾਂ ਵਿੱਚ ਅੱਜ ਕੁਝ ਕੁ ਹੀ ਬਚੀਆਂ ਹਨ।



ਦਾ ਕੈਸਲ ਆਪਣੇ ਮੂਲ ਰੂਪ ਵਿੱਚ



ਕਾਰਜ ਕਰਦਾ ਸੀ। 1853 ਵਿੱਚ ਟੋਰੰਟੋ ਵਿੱਚ ਆਪਣਾ ਅਭਿਆਸ ਸਥਾਪਤ ਕਰਨ ਦੇ ਬਾਅਦ, ਦਾ ਕੈਸਲ ਹੇਅ ਦੇ ਪਹਿਲੇ ਕਾਰਜਾਂ ਵਿੱਚੋਂ ਇੱਕ ਸੀ। ਉਹ ਅਗਲੇ 10 ਸਾਲਾਂ ਤੱਕ ਟੋਰੰਟੋ ਵਿੱਚ ਰਿਹਾ ਅਤੇ ਉਸਨੇ ਸੇਂਟ ਬਾਸਿਲਜ਼ ਚਰਚ, ਸੇਂਟ ਮਾਈਕਲਜ਼ ਕਾਲਜ, ਫਰੰਟ ਸਟਰੀਟ ਅਤੇ ਓਕਲੈਂਡਜ਼ 'ਤੇ ਪਹਿਲੀਆਂ ਪਾਰਲੀਮੈਂਟ ਬਿਲਡਿੰਗਾਂ ਦੇ ਵਿਸਤਾਰ, ਓਨਟਾਰੀਓ ਦੇ ਪਹਿਲੇ ਪ੍ਰੀਮੀਅਰ, ਜੌਹਨ ਸੈਨਫੀਲਡ ਮੈਕਡੋਨਾਲਡ ਦੀ ਐਵੇਨਿਊ ਰੋਡ 'ਤੇ ਵੱਡੀ ਜਾਗੀਰ ਨੂੰ ਡਿਜ਼ਾਈਨ ਕੀਤਾ। ਹੇਅ ਨੇ ਕੀਥ ਹਾਲ ਨੂੰ ਵੀ ਡਿਜ਼ਾਈਨ ਕੀਤਾ ਸੀ, ਜੋ ਬਰਿਊ ਮਾਸਟਰ ਅਲੈਗਜੈਂਡਰ ਕੀਥ ਦੀ ਹੇਲੀਫੈਕਸ ਜਾਗੀਰ ਸੀ। ਆਪਣੇ ਜੀਵਨ ਦੀ ਸਮਾਪਤੀ ਦੇ ਨੇੜੇ, ਉਸਨੇ ਈਡਨਬਰਗ, ਸਕਾਟਲੈਂਡ ਵਿੱਚ ਸੇਂਟ ਗਾਈਲਜ਼ ਕੈਥੇਡਰਾਲ ਨੂੰ ਮੁੜ-ਸੁਰਜੀਤ ਕੀਤਾ ਜੋ ਵਿਸ਼ਵ ਪ੍ਰੈੱਜ਼ਬਾਈਟੇਰੀਆਨਿਜ਼ਮ ਦੀ ਸੀਟ ਹੈ।

"ਦਾ ਕੈਸਲ" ਨੂੰ 1853 ਵਿੱਚ ਜੌਰਜ ਰਾਈਟ, ਇੱਕ ਬਰੈਮਪਟਨ ਕਾਰੋਬਾਰੀ ਅਤੇ ਰਾਜਨੇਤਾ ਦੁਆਰਾ ਬਣਾਇਆ ਗਿਆ ਸੀ। ਇਹ ਜਾਇਦਾਦ ਇੱਕ ਅੰਗਰੇਜ਼ੀ ਮੇਨਰ ਹਾਊਸ ਦੀ ਯਾਦ ਦਿਲਾਉਂਦੀ ਹੈ, ਅਤੇ ਮੰਨਿਆ ਜਾਂਦਾ ਹੈ ਕਿ ਇਸਨੂੰ ਇਸ ਤਰ੍ਹਾਂ ਦਾ ਸੰਕੇਤ ਦੇਣ ਲਈ ਡਿਜ਼ਾਈਨ ਕੀਤਾ ਗਿਆ ਸੀ ਕਿ ਇਸਦੇ ਬਾਸ਼ਿੰਦੇ ਕਾਰੋਬਾਰ ਵਿੱਚ ਸਫਲ ਅਤੇ ਬੇਹੱਦ ਪ੍ਰਭਾਵਸ਼ਾਲੀ ਦੋਨੋਂ ਸਨ। ਇੱਟਾਂ ਦੇ ਬਣੇ ਫਸਾਡ ਨੂੰ ਸਾਈਡਿੰਗ ਦੁਆਰਾ ਢਕ ਲਏ ਜਾਣ ਅਤੇ ਪਿਛਲੇ ਵਿੰਗ, ਵਿਲੱਖਣ ਸਾਈਡ ਟਾਵਰ, ਅਤੇ ਬੈਲਵੇਡੀਰ ਦੇ ਚਲੇ ਜਾਣ ਦੇ ਬਾਵਜੂਦ, "ਦਾ ਕੈਸਲ" ਜਿਕਰਯੋਗ ਵਿਰਾਸਤੀ ਚਰਿੱਤਰ ਨੂੰ ਬਣਾਕੇ ਰੱਖੇ ਹੋਏ ਹੈ।

ਬਾਅਦ ਵਿੱਚ ਇਸ ਜਾਇਦਾਦ ਦੇ ਮਾਲਕ ਬਣਨ ਵਾਲੇ ਲੋਕ ਸਥਾਨਕ ਅਤੇ ਸੂਬਾਈ ਮਾਮਲਿਆਂ ਵਿੱਚ ਹੋਰ ਵੀ ਵੱਧ ਉੱਘੇ ਸਨ: ਜੌਹਨ ਏ. ਥਿਸਲ, ਜੌਰਜ ਵਿਲੀਅਮਜ਼, ਅਤੇ ਜੇ.ਡਬਲਿਊ. ਹਿਊਟਸਨ। ਕੈਸਲ ਮਾਣਯੋਗ ਵਿਲੀਅਮ ਗਰੇਨਵਿਲੇ ਡੇਵਿਸ ਦਾ ਬਚਪਨ ਦਾ ਘਰ ਵੀ ਸੀ, ਜੋ 1971 ਤੋਂ 1985 ਤੱਕ ਓਨਟਾਰੀਓ ਦੇ ਪ੍ਰੀਮੀਅਰ ਰਹੇ।

ਮਕਾਨ ਅਤੇ ਮੈਦਾਨ ਦੋਨੋਂ ਮਿਲਕੇ ਸ਼ਹਿਰ ਵਿੱਚ ਸਭ ਤੋਂ ਅਹਿਮ ਸ਼ਹਿਰੀ ਸੱਭਿਆਚਾਰਕ ਭੂ-ਦ੍ਰਿਸ਼ਾਂ ਦਾ ਨਿਰਮਾਣ ਕਰਦੇ ਹਨ। ਇਹ ਬੇਹੱਦ ਦੁਰਲੱਭ ਤੌਰ 'ਤੇ ਹੀ ਦੇਖਣਾ ਮਿਲਦਾ ਹੈ ਕਿ ਕਿਸੇ ਵੱਡੀ ਵਿਕਟੋਰੀਅਨ ਜਾਗੀਰ ਦੇ ਮੈਦਾਨ, ਕਿਸੇ ਵੀ ਮਿਊਂਸਪੈਲਿਟੀ ਦੇ ਕੇਂਦਰ ਵਿੱਚ, ਵਰਤਮਾਨ ਦਿਨ ਤੱਕ ਲਗਭਗ ਜਿਉਂ ਦੇ ਤਿਉਂ ਮਿਲਣ। ਵਾੜਦਾਰ ਝਾੜੀਆਂ ਅਤੇ ਪ੍ਰਪੱਕ ਕੌਨੀਫਰਾਂ ਅਤੇ ਰੁੰਡ-ਮੁੰਡ ਪ੍ਰਜਾਤੀਆਂ ਦੇ ਸਮੂਹ (ਜਿੰਨ੍ਹਾਂ ਵਿੱਚੋਂ ਕੁਝ 19ਵੀਂ ਸਦੀ ਦੇ ਮੱਧ ਦੇ ਹਨ) ਸ਼ਹਿਰ ਦੇ ਧੁਰ ਅੰਦਰ ਇੱਕ ਬੇਹੱਦ ਮਹੱਤਵਪੂਰਨ ਖੁੱਲ੍ਹੀ ਹਰੀ ਜਗਹ ਦਾ ਨਿਰਮਾਣ ਕਰਦੇ ਹਨ।

22

# CNR ਸਟੇਸ਼ਨ (1907)
## 15 ਚਰਚ ਸਟਰੀਟ ਪੱਛਮੀ



ਗਰੈਂਡ ਟਰੰਕ ਰੇਲਵੇ ਸਟੇਸ਼ਨ

ਗਰੈਂਡ ਟਰੰਕ ਰੇਲਵੇ (GTR) ਨੇ 19ਵੀਂ ਸਦੀ ਦੇ ਅੰਤ ਅਤੇ 20ਵੀਂ ਸਦੀ ਦੇ ਸ਼ੁਰੂਆਤ ਮੌਕੇ ਹੈਰਾਨੀਜਨਕ ਨਫਾਯੋਗਤਾ ਦਾ ਤਜ਼ਰਬਾ ਲਿਆ, ਜਿਸਦਾ ਸਿੱਟਾ ਕੰਪਨੀ ਵੱਲੋਂ ਆਪਣੇ ਬਹੁਤ ਸਾਰੇ ਸਟੇਸ਼ਨਾਂ ਦੇ ਪੁਨਰ-ਨਿਰਮਾਣ ਦੇ ਰੂਪ ਵਿੱਚ ਨਿਕਲਿਆ, ਜਿੰਨ੍ਹਾਂ ਵਿੱਚ ਇਹ ਸਟੇਸ਼ਨ ਵੀ ਸ਼ਾਮਲ ਹੈ। ਇਹ ਮੁਕਾਬਲਤਨ ਵੱਡਾ ਅਤੇ ਵਧੇਰੇ ਆਕਰਸ਼ਕ ਢਾਂਚਾ ਕੰਪਨੀ ਦੇ ਆਸ਼ਾਵਾਦ ਨੂੰ ਦਰਸਾਉਂਦਾ ਹੈ, ਅਤੇ ਨਾਲ ਹੀ ਸਥਾਨਕ ਭਾਈਚਾਰੇ ਦੀਆਂ ਅਭਿਲਾਸ਼ਾਵਾਂ ਵੀ ਦਰਸਾਉਂਦਾ ਹੈ। ਬਰੈਮਪਟਨ ਵਿਚਲੇ ਰੇਲ ਕਨੈਕਸ਼ਨਾਂ ਕਈ ਸਾਰੇ ਵਪਾਰਕ ਉਦਯੋਗਾਂ ਦੀ ਹੋਂਦ ਨੂੰ ਸੁਵਿਧਾਜਨਕ ਬਣਾਇਆ, ਜਿਸ ਵਿੱਚ ਵਿਆਪਕ ਫੈਲੇ ਬਾਜ਼ਾਰਾਂ ਵਾਸਤੇ ਫੁੱਲਾਂ ਦੀ ਖੇਤੀ ਵੀ ਸ਼ਾਮਲ ਹੈ।

ਇਹ ਸਟੇਸ਼ਨ ਵਿਸ਼ਾਲ ਕਮਾਨੀਦਾਰ ਪ੍ਰਵੇਸ਼ ਵਾਲੇ ਰੋਮਨਇਸਕੀ ਰੀਵਾਈਵਲ ਦਾ, ਸ਼ਿਲਪ ਅਤੇ ਕਲਾਵਾਂ ਲਹਿਰ ਦੇ ਕੁਝ ਵਿਸਥਾਰਾਂ ਨਾਲ ਸੁਮੇਲ ਕਰਦਾ ਹੈ। ਫਸਾਡਾਂ ਦਾ ਆਮ ਢਾਂਚਾ ਅਤੇ ਅੰਦਰੂਨੀ ਜਗ੍ਹਾਵਾਂ ਦੀ ਪ੍ਰਵਿਰਤੀ ਇੱਕ ਅਜਿਹੀ ਵੰਨਗੀ ਦੀ ਪਾਲਣਾ ਕਰਦੀ ਹੈ ਜੋ GTR ਨੇ ਉਸ ਸਮੇਂ ਅਪਣਾਈ।

ਬਰੈਮਪਟਨ ਦਾ ਵਾਧਾ ਅਤੇ ਖੁਸ਼ਹਾਲੀ ਮੂਲ ਰੂਪ ਵਿੱਚ ਰੇਲਵੇ ਦੇ ਵਿਕਾਸ ਨਾਲ ਜੁੜੇ ਹੋਏ ਹਨ। ਬਰੈਮਪਟਨ ਵਿੱਚ ਰੇਲਵੇ ਦਾ ਪਹਿਲਾ ਦੌਰ ਸਮਾਜਕ ਸੰਸਥਾਵਾਂ ਦੀਆਂ ਵਿਵਸਥਾਵਾਂ, ਚਰਚ ਸਮੂਹਾਂ ਦੀ ਮਜ਼ਬੂਤੀ ਅਤੇ ਕਾਊਂਟੀ ਸੀਟ ਵਜੋਂ ਬਰੈਮਪਟਨ ਦੀ ਚੋਣ ਦੇ ਨਾਲ ਮੇਲ ਖਾਂਦਾ ਸੀ। ਰੇਲਵੇ ਦੇ ਦੂਜੇ ਦੌਰ ਦੌਰਾਨ, ਵਧੀਕ ਸਮਾਜਕ ਅਤੇ ਮਿਊਂਸੀਪਲ ਮੂਲ ਢਾਂਚਾ ਉਪਜਿਆ, ਅਤੇ ਨਾਲ ਹੀ ਵੱਡੇ-ਪੱਧਰ ਦੇ ਉਦਯੋਗ ਉਪਜੇ। ਮਹੱਤਵਪੂਰਨ ਉਦਯੋਗ, ਜਿਵੇਂ ਕਿ ਹੈਗਰਟਜ਼ ਫਾਊਂਡਰੀ, ਨੇ ਆਪਣੇ ਆਪ ਨੂੰ ਸਥਾਪਤ ਕੀਤਾ। ਸ਼ਾਇਦ ਰੇਲਵੇ ਦੀ ਭੂਮਿਕਾ ਦਾ ਸਭ ਤੋਂ ਵੱਧ ਸੰਕੇਤ, ਸਟੇਸ਼ਨ ਦੇ ਮੈਦਾਨਾਂ ਦੇ ਆਸ-ਪਾਸ ਵੇਅਰਹਾਊਸਾਂ ਅਤੇ ਕਾਰੋਬਾਰਾਂ ਦੇ ਝੁੰਡ ਹਨ। ਬਹੁਤ ਸਾਰੀਆਂ ਉਦਯੋਗਿਕ ਇਮਾਰਤਾਂ ਨੂੰ ਅੱਜ ਵੀ ਦੇਖਿਆ ਜਾ ਸਕਦਾ ਹੈ, ਇਹਨਾਂ ਵਿੱਚ ਹਿਊਟਸਨ ਸ਼ੂ ਫੈਕਟਰੀ ਅਤੇ ਡੋਮੀਨੀਅਨ ਸਕੇਟ ਇਮਾਰਤ ਸ਼ਾਮਲ ਹਨ।

N W E S

### ਦਿਸ਼ਾ ਨਿਰਦੇਸ਼

ਚਰਚ ਸਟਰੀਟ ਵੱਲ ਵਾਪਸ ਪੈਦਲ ਚੱਲੋ ਅਤੇ ਫੇਰ ਖੱਬੇ ਪਾਸੇ ਮੁੜ ਜਾਓ। ਚਰਚ ਸਟਰੀਟ ਦੇ ਨਾਲ ਨਾਲ ਪੈਦਲ ਚੱਲੋ ਜਦ ਤੱਕ ਤੁਸੀਂ ਮਿੱਲ ਸਟਰੀਟ 'ਤੇ ਨਹੀਂ ਪਹੁੰਚ ਜਾਂਦੇ ਅਤੇ ਫੇਰ ਖੱਬੇ ਪਾਸੇ ਮੁੜ ਜਾਓ। ਤੁਹਾਡੇ ਸੱਜੇ ਹੱਥ, ਤੁਸੀਂ ਹਿਊਟਸਨ ਸ਼ੂ ਫੈਕਟਰੀ ਦੇਖੋਗੇ।



# 23 ਹਿਊਟਸਨ ਸ਼ੂ ਫੈਕਟਰੀ (1913)

## 57 ਮਿੱਲ ਸਟਰੀਟ ਉੱਤਰੀ



ਹਿਊਟਸਨ ਸ਼ੂ ਫੈਕਟਰੀ ਸ਼ੁਰੂ ਵਿੱਚ ਇੱਕ ਦੋ-ਮੰਜਿਲਾਂ ਢਾਂਚਾ ਸੀ, ਪਰ ਤਦ ਤੋਂ ਲੈਕੇ ਇੱਕ ਤੀਜੀ ਮੰਜਿਲ ਵੀ ਇਸ ਨਾਲ ਜੋੜ ਦਿੱਤੀ ਗਈ ਹੈ

ਹਿਊਟਸਨ ਸ਼ੂ ਫੈਕਟਰੀ ਬਰੈਮਪਟਨ ਦੀਆਂ ਆਖਰੀ, ਸ਼ੁਰੂਆਤੀ ਉਦਯੋਗਿਕ ਇਮਾਰਤਾਂ ਵਿੱਚੋਂ ਇੱਕ ਹੈ ਜੋ 20ਵੀਂ ਸਦੀ ਦੇ ਸ਼ੁਰੂ ਵਿੱਚ ਉਦਯੋਗਿਕ ਸ਼ੈਲੀ ਦੀ ਭਵਨ-ਨਿਰਮਾਣ ਦੇ ਪੱਖ ਤੋਂ ਮਹੱਤਵਪੂਰਨ ਉਦਾਹਰਨ ਨੂੰ ਦਰਸਾਉਂਦੀ ਹੈ।

ਇਸ ਜਾਇਦਾਦ ਦੀ ਜੇ.ਡਬਲਿਊ. ਹਿਊਟਸਨ ਸ਼ੂ ਕੰਪਨੀ ਦੇ ਘਰ ਵਜੋਂ ਇੱਕ ਇਤਿਹਾਸਕ ਅਹਿਮੀਅਤ ਵੀ ਹੈ, ਜੋ 65 ਤੋਂ ਵੱਧ ਸਾਲਾਂ ਤੋਂ ਬਰੈਮਪਟਨ ਸ਼ਹਿਰ ਵਿੱਚ ਇੱਕ ਵੱਡੀ ਰੁਜ਼ਗਾਰਦਾਤਾ ਰਹੀ। ਜੇ.ਡਬਲਿਊ. ਹਿਊਟਸਨ ਸਾਬਕਾ ਪ੍ਰੀਮੀਅਰ ਵਿਲੀਅਮ ਡੇਵਿਸ ਦਾ ਨਾਨਾ ਸੀ। ਇੱਕ ਬੱਚੇ ਵਜੋਂ, ਵਿਲੀਅਮ ਡੇਵਿਸ ਆਪਣੇ ਮਾਪਿਆਂ ਅਤੇ ਹਿਊਟਸਨ ਨਾਨਾ-ਨਾਨੀ ਨਾਲ "ਦਾ ਕੈਸਲ" ਵਿੱਚ ਰਿਹਾ, ਜੋ ਚਰਚ ਸਟਰੀਟ ਪੱਛਮੀ 'ਤੇ ਸ਼ਾਹੀ ਗੋਥਿਕ ਰੀਵਾਈਵਲ ਸ਼ੈਲੀ ਦੀ ਹਵੇਲੀ ਹੈ।

ਹਾਲਾਂਕਿ ਬਰੈਮਪਟਨ ਨੂੰ 20ਵੀਂ ਸਦੀ ਦੇ ਸ਼ੁਰੂ ਵਿੱਚ ਇਸਦੇ ਕਈ ਸਾਰੇ ਫੁੱਲ ਉਗਾਉਣ ਦੇ ਆਪਰੇਸ਼ਨਾਂ ਕਰਕੇ ਕੈਨੇਡਾ ਦੇ ਫੁੱਲਾਂ ਦੇ ਸ਼ਹਿਰ ਵਜੋਂ ਜਾਣਿਆ ਗਿਆ ਸੀ, ਪਰ ਸ਼ਹਿਰ ਵਿਚ ਇਸ ਸਮੇਂ ਦੌਰਾਨ ਇੱਕ ਵੱਡੇ ਜੁੱਤੇ ਬਣਾਉਣ ਵਾਲੇ ਉਦਯੋਗ ਨੂੰ ਵੀ ਚਲਾਇਆ ਜਾਂਦਾ ਸੀ। ਹਿਊਟਸਨ ਤੋਂ ਇਲਾਵਾ, ਘੱਟੋ ਘੱਟ ਤਿੰਨ ਜਿਕਰਯੋਗ ਜੁੱਤਿਆਂ ਦਾ ਨਿਰਮਾਣ ਕਰਨ ਵਾਲੇ ਆਪਰੇਸ਼ਨ ਹੋਰ ਸਨ। ਅਸਲ ਵਿੱਚ, ਕਈ ਦਹਾਕਿਆਂ ਲਈ, ਫੁੱਲ ਉਗਾਉਣ ਦੇ ਬਾਅਦ ਜੁੱਤੇ ਬਣਾਉਣ ਦਾ ਉਦਯੋਗ ਬਰੈਮਪਟਨ ਵਿੱਚ ਸਭ ਤੋਂ ਵੱਡਾ ਰੁਜ਼ਗਾਰਦਾਤਾ ਸੀ। ਵਿਲੀਅਮ ਸ਼ੂ ਫੈਕਟਰੀ ਦੇ ਢਹਿਣ ਨਾਲ ਅਤੇ ਹੈਗਰਟ ਬਲਾਕ ਦੇ ਜਲ ਜਾਣ ਨਾਲ, ਹਿਊਟਸਨ ਬਿਲਡਿੰਗ ਬਰੈਮਪਟਨ ਵਿੱਚ ਇਸ ਉਦਯੋਗ ਦੇ ਆਖਰੀ ਅਵਸ਼ੇਸ਼ਾਂ ਵਿੱਚੋਂ ਇੱਕ ਹੈ।

**ਜੇ.ਡਬਲਿਊ. ਹਿਊਟਸਨ ਅਤੇ ਉਸਦਾ ਬੇਟਾ ਬਹੁਤ ਕੰਜੂਸ ਸਨ ਅਤੇ ਉਹਨਾਂ ਨੇ ਮਰਦਾਂ ਦੇ ਜੁੱਤਿਆਂ ਦੀਆਂ ਫੈਕਟਰੀਆਂ ਤੋਂ ਆਫਕੱਟ ਖਰੀਦਣ ਦੁਆਰਾ, ਅਤੇ ਫੇਰ ਇਹਨਾਂ ਆਫਕੱਟਾਂ ਨੂੰ ਬੱਚਿਆਂ ਵਾਸਤੇ ਜੁੱਤਿਆਂ ਵਿੱਚ ਬਦਲਣ ਦੁਆਰਾ ਠੀਕ ਕੀਤਾ।**

### ਦਿਸ਼ਾ ਨਿਰਦੇਸ਼

ਰੇਲਰੋਡ ਟਰੈਕਾਂ ਅਤੇ ਰੇਲਰੋਡ ਸਟਰੀਟ ਨੂੰ ਪਾਰ ਕਰੋ, ਫੇਰ ਮਿੱਲ ਸਟਰੀਟ 'ਤੇ ਚੱਲਣ ਲਈ ਥੋੜ੍ਹਾ ਜਿਹਾ ਖੱਬੇ ਨੂੰ ਮੁੜ ਜਾਓ। ਤੁਹਾਡੇ ਸੱਜੇ ਪਾਸੇ ਤੁਸੀਂ ਡੋਮੀਨੀਅਨ ਸਕੇਟ ਬਿਲਡਿੰਗ ਦੇਖੋਗੇ।



ਤੀਜੀ ਮੰਜਿਲ ਨੂੰ ਜੋੜੇ ਜਾਣ ਤੋਂ ਪਹਿਲਾਂ

24

# ਡੋਮੀਨੀਅਨ ਸਕੇਟ (1905)

## 45 ਰੇਲਰੋਡ ਸਟਰੀਟ




ਦੂਜੀ ਮੰਜਿਲ ਬਣਾਏ ਜਾਣ ਦੇ ਨਾਲ

### ਦਿਸ਼ਾ ਨਿਰਦੇਸ਼

ਮਿੱਲ ਸਟਰੀਟ ਉੱਤੇ ਪੈਦਲ ਚੱਲਣਾ ਜਾਰੀ ਰੱਖੋ ਅਤੇ ਤੁਸੀਂ ਛੇਤੀ ਹੀ ਆਪਣੇ ਖੱਬੇ ਹੱਥ ਪਰੇਰੀ ਹਾਊਸ ਦੇਖੋਗੇ।

ਡੋਮੀਨੀਅਨ ਸਕੇਟ ਬਿਲਡਿੰਗ (ਪਹਿਲਾਂ ਕੋਪਲੈਂਡ-ਚੈਟਰਸਨ ਲੂਜ਼ ਲੀਫ ਲੈੱਜਰ ਕੰਪਨੀ ਹੁੰਦੀ ਸੀ) ਇੱਕ ਚੰਗੀ ਤਰ੍ਹਾਂ ਡਿਜ਼ਾਈਨ ਕੀਤੇ ਉਦਯੋਗਿਕ ਕੰਪਲੈਕਸ ਦੀ ਦੁਰਲੱਭ ਉਦਾਹਰਨ ਹੈ। ਇਹ ਇਮਾਰਤ ਸ਼ਿਕਾਗੋ ਵਪਾਰਕ ਸ਼ੈਲੀ ਜਾਂ ਸ਼ਿਕਾਗੋ ਸਕੂਲ ਤੋਂ ਲਏ ਪ੍ਰਭਾਵਾਂ (ਬਰੈਮਪਟਨ ਵਿੱਚ ਇਹ ਉਸਾਰੀ ਕੀਤੀ ਸਭ ਤੋਂ ਪਹਿਲੀ ਅਤੇ ਸਭ ਤੋਂ ਵਧੀਆ ਉਦਾਹਰਨ ਹੈ) ਨੂੰ, ਨੀਓ-ਗੋਥਿਕ ਡਿਜ਼ਾਈਨ ਤੋਂ ਲਏ ਪ੍ਰਭਾਵਾਂ ਦੇ ਨਾਲ ਪ੍ਰਦਰਸ਼ਿਤ ਕਰਦੀ ਹੈ ਜਿੰਨ੍ਹਾਂ ਨੂੰ ਉਸਾਰੀ ਦੇ ਬਾਅਦ ਵਾਲੇ ਦੌਰ ਵਿੱਚ ਲਿਆਂਦਾ ਗਿਆ ਸੀ।

1905 ਦੇ ਅਖੀਰ ਵਿੱਚ ਸ਼ੁਰੂ ਕਰਕੇ ਇਮਾਰਤ ਨੂੰ ਦੋ ਪੜਾਵਾਂ ਵਿੱਚ ਉਸਾਰਿਆ ਗਿਆ ਸੀ। ਪਹਿਲੇ ਖੰਡ ਵਿੱਚ ਸ਼ੁਰੂ ਵਿੱਚ ਇੱਕ ਮੁਕਾਬਲਤਨ ਨੀਵੇਂ ਸਟਰੀਟ-ਪ੍ਰੋਫਾਈਲ ਵਾਲੀ ਇੱਕ-ਮੰਜਿਲਾ ਇਮਾਰਤ ਸੀ। ਇਸ ਖੰਡ ਦਾ ਮੂੰਹ ਰੇਲਰੋਡ ਸਟਰੀਟ ਵੱਲ ਸੀ ਅਤੇ ਇਸਨੇ ਪ੍ਰਸ਼ਾਸ਼ਕੀ ਦਫਤਰਾਂ ਵਜੋਂ ਸੇਵਾ ਨਿਭਾਈ, ਜਦਕਿ ਫੈਕਟਰੀ ਵਾਲਾ ਅੰਸ਼ ਮਿੱਲ ਸਟਰੀਟ ਉੱਤਰੀ ਵੱਲ ਜਾਂਦਾ ਸੀ। ਫੈਕਟਰੀ ਵਾਲਾ ਅੰਸ਼ ਵੱਡੀਆਂ 'ਉਦਯੋਗਿਕ' ਖਿੜਕੀਆਂ ਪੇਸ਼ ਕਰਦਾ ਹੈ ਜਿੰਨ੍ਹਾਂ ਨੂੰ ਫੈਕਟਰੀ ਦੇ ਫਰਸ਼ 'ਤੇ ਖੁੱਲ੍ਹੀ ਮਾਤਰਾ ਵਿੱਚ ਧੁੱਪ ਅਤੇ ਤਾਜ਼ੀ ਹਵਾ ਅੰਦਰ ਆਉਣ ਵਾਸਤੇ ਡਿਜ਼ਾਈਨ ਕੀਤਾ ਗਿਆ ਹੈ।

# ਲੂਜ਼-ਲੀਫ ਲੈੱਜਰ ਸਿਸਟਮ



ਕੋਪਲੈਂਡ-ਚੈਟਰਸਨ ਲੂਜ਼-ਲੀਫ ਬਾਈਂਡਰਾਂ ਅਤੇ ਹੋਰ ਦਫਤਰੀ ਅਤੇ ਵਹੀ-ਖਾਤਿਆਂ ਦੇ ਉਤਪਾਦਾਂ ਦਾ ਪਹਿਲਾ ਕੈਨੇਡੀਅਨ ਨਿਰਮਾਤਾ ਸੀ।

ਲੂਜ਼-ਲੀਫ ਸਿਸਟਮ, ਜਿਸਨੂੰ ਹਟਾਉਣਯੋਗ-ਲੀਫ ਸਿਸਟਮ ਵਜੋਂ ਵੀ ਜਾਣਿਆ ਜਾਂਦਾ ਹੈ, ਤੋਂ ਪਹਿਲਾਂ, ਦਸਤਾਵੇਜ਼ ਦੇ ਢਾਂਚੇ ਦੀ ਅਖੰਡਤਾ ਨੂੰ ਬਿਨਾਂ ਨਸ਼ਟ ਕੀਤਿਆਂ ਰਿਕਾਰਡਾਂ ਵਿੱਚੋਂ ਪੰਨੇ ਸ਼ਾਮਲ ਕੀਤੇ ਜਾਂ ਹਟਾਏ ਨਹੀਂ ਸੀ ਜਾ ਸਕਦੇ। ਇਸ ਕਰਕੇ, ਲੂਜ਼-ਲੀਫ ਲੈੱਜਰ ਸਿਸਟਮ ਨੇ ਉਸ ਤਰੀਕੇ ਵਿੱਚ ਜਿਕਰਯੋਗ ਸੁਧਾਰ ਕੀਤਾ ਜਿਸ ਨਾਲ ਜਾਣਕਾਰੀ ਨੂੰ ਰਿਕਾਰਡ ਕੀਤਾ ਅਤੇ ਸੋਧਿਆ ਜਾਂਦਾ ਸੀ।

ਦੂਜੇ ਪੜਾਅ ਨੂੰ 1914 ਵਿੱਚ ਬਣਾਇਆ ਗਿਆ ਸੀ ਅਤੇ ਇਸ ਵਿੱਚ ਰੇਲਰੋਡ ਸਟਰੀਟ ਦੇ ਦਫਤਰਾਂ ਉੱਪਰ ਦੂਜੀ ਮੰਜਿਲ ਦੀ ਉਸਾਰੀ ਸ਼ਾਮਲ ਸੀ। ਇਹ ਵਧੀਕ ਉਸਾਰੀ 1905 ਵਿੱਚ ਕੀਤੀ ਉਸਾਰੀ ਦੇ ਮੁਕਾਬਲੇ ਵਿੱਚ ਆਕਰਸ਼ਕ ਤੌਰ ’ਤੇ ਸਜਾਈ ਗਈ ਹੈ।

ਜਾਇਦਾਦ ਇੱਕ ਮੁਕਾਬਲਤਨ ਵੱਡੇ ਅਤੇ ਜਿਕਰਯੋਗ ਉਦਯੋਗਿਕ ਸਮੂਹ ਦਾ ਭਾਗ ਹੈ ਜਿਸ ਵਿੱਚ ਠੀਕ ਉੱਤਰ ਵੱਲ, CNR ਸਟੇਸ਼ਨ ਅਤੇ ਰੇਲਵੇ ਲਾਈਨਾਂ ਦੇ ਨਾਲ ਸਾਬਕਾ ਹਿਊਟਸਨ ਸ਼ੂ ਫੈਕਟਰੀ ਹੈ ਜੋ ਡੋਮੀਨੀਅਨ ਸਕੇਟ ਬਿਲਡਿੰਗ ਦੇ ਸਾਹਮਣਿਓਂ ਨਿਕਲਦੀ ਹੈ। ਸਮੂਹਕ ਤੌਰ ’ਤੇ ਇਹ ਅੰਸ਼ ਇੱਕ ਮਹੱਤਵਪੂਰਨ ਸੱਭਿਆਚਾਰਕ ਭੂ-ਦ੍ਰਿਸ਼ ਦਾ ਨਿਰਮਾਣ ਕਰਦੇ ਹਨ।

ਇਹ ਜਾਇਦਾਦ ਪਿਛਲੀ ਸਦੀ ਦੇ ਪਲਟਣ ਮੌਕੇ ਬਰੈਮਪਟਨ ਦੇ ਉੱਭਰਦੇ ਉਦਯੋਗਿਕੀਕਰਨ ਨਾਲ ਜੁੜੀ ਹੋਈ ਹੈ। ਇਹ ਉੱਘੇ ਵਿਅਕਤੀ ਵਿਸ਼ੇਸ਼ਾਂ ਦੇ ਨਾਲ ਵੀ ਜੁੜੀ ਹੋਈ ਹੈ, ਜਿਸ ਵਿੱਚ ਸ਼ਾਮਲ ਹਨ ਆਰ.ਜੇ. ਕੋਪਲੈਂਡ ਅਤੇ ਏ.ਈ. ਚੈਟਰਸਨ, ਜੋ ਕਾਢਕਾਰੀ ਲੂਜ਼-ਲੀਫ ਲੈੱਜਰ ਪ੍ਰਣਾਲੀਆਂ ਦੇ ਕਾਢਕਾਰ ਸਨ, ਜਿੰਨ੍ਹਾਂ ਦਾ ਨਿਰਮਾਣ ਬਰੈਮਪਟਨ ਪਲਾਂਟ ਵਿੱਚ ਕੀਤਾ ਗਿਆ ਸੀ। ਕੋਪਲੈਂਡ-ਚੈਟਰਸਨ ਨੇ 170 ਤੋਂ ਵਧੇਰੇ ਦਫਤਰੀ ਅਤੇ ਰਿਕਾਰਡ ਸਾਂਭਣ ਵਾਲੇ ਉਤਪਾਦਾਂ ਦੇ ਪੇਟੈਂਟ ਕਰਵਾਏ; ਇਹਨਾਂ ਪੇਟੈਂਟਾਂ ਵਿੱਚੋਂ 90 ਕੈਨੇਡਾ ਵਿੱਚ ਉਪਜੇ ਸਨ। ਫੈਕਟਰੀ ਕਿਸੇ ਬਾਹਰੀ ਨਿਰਮਾਣ ਕੰਪਨੀ ਵੱਲੋਂ ਬਰੈਮਪਟਨ ਵਿੱਚ ਇੱਕ ਸ਼ਾਖਾ ਪਲਾਂਟ ਸਥਾਪਤ ਕਰਨ ਦੀ ਵੀ ਪਹਿਲੀ ਉਦਾਹਰਨ ਹੈ।




ਹਿਊਟਸਨ ਸ਼ੂ ਫੈਕਟਰੀ ਸ਼ੁਰੂ ਵਿੱਚ ਇੱਕ ਦੋ-ਮੰਜਿਲਾਂ ਢਾਂਚਾ ਸੀ, ਪਰ ਤਦ ਤੋਂ ਲੈਕੇ ਇੱਕ ਤੀਜੀ ਮੰਜਿਲ ਵੀ ਇਸ ਨਾਲ ਜੋੜ ਦਿੱਤੀ ਗਈ ਹੈ

# 25 ਪਰੇਰੀ ਹਾਊਸ (ਲਗਭਗ 1910)

## 40 ਮਿੱਲ ਸਟਰੀਟ ਉੱਤਰੀ



Prairie House
Circa 1910
Heritage Listed
BRAMPTON HERITAGE BOARD

### ਦਿਸ਼ਾ ਨਿਰਦੇਸ਼

ਮਿੱਲ ਸਟਰੀਟ 'ਤੇ ਦੱਖਣ ਵੱਲ ਚੱਲਣਾ ਜਾਰੀ ਰੱਖੋ ਜਦ ਤੱਕ ਤੁਸੀਂ ਨੈਲਸਨ ਸਟਰੀਟ 'ਤੇ ਨਹੀਂ ਪਹੁੰਚ ਜਾਂਦੇ। ਅਗਲੀ ਮੰਜਿਲ ਤੁਹਾਡੇ ਖੱਬੇ ਪਾਸੇ ਹੈ।

ਪਰੇਰੀ ਹਾਊਸ ਨੂੰ ਭਵਨ-ਨਿਰਮਾਤਾ ਐੱਫ.ਆਰ. ਬੈਰੀ ਦੁਆਰਾ ਡਿਜ਼ਾਈਨ ਕੀਤਾ ਗਿਆ ਸੀ ਅਤੇ ਇਹ ਫਰੈਂਕ ਲੌਇਡ ਰਾਈਟ ਅਤੇ ਹੋਰਨਾਂ ਦੇ ਪ੍ਰਭਾਵ ਹੇਠ, ਪਰੇਰੀ ਸਕੂਲ ਦੀ ਭਵਨ-ਨਿਰਮਾਣ ਸ਼ੈਲੀ ਦੀਆਂ ਕਈ ਖੂਬੀਆਂ ਨੂੰ ਸ਼ਾਮਲ ਕਰਦਾ ਹੈ। ਪਰੇਰੀ ਸਕੂਲ ਸ਼ੈਲੀ ਨੇ ਵਿਸ਼ਾਲ ਲੰਬੇ-ਦਾਅ ਖੂਬੀਆਂ, ਉੱਪਰੋਂ ਲਟਕਦੇ ਛੱਜਿਆਂ ਅਤੇ ਸਜਾਵਟ ਦੀ ਕਮੀ 'ਤੇ ਬਲ ਦਿੱਤਾ। ਇਸ ਰਵਾਇਤ ਨੇ ਅੰਤਰਰਾਸ਼ਟਰੀ ਸ਼ੈਲੀ (ਜਿਸਦਾ ਮੁੱਢ ਯੂਰਪ ਵਿੱਚ ਬੱਝਾ) ਦੇ ਨਾਲ ਸਾਂਝੇ ਅੰਸ਼ਾਂ ਨੂੰ ਸਾਂਝਿਆਂ ਕੀਤਾ ਅਤੇ ਸਮਕਾਲੀਨ ਭਵਨ-ਨਿਰਮਾਣ ਸ਼ੈਲੀਆਂ ਨੂੰ ਪ੍ਰਭਾਵਿਤ ਕੀਤਾ।

ਹਿਊਟਸਨ ਪਰਿਵਾਰ ਦੇ ਨਾਲ ਇਸਦੀ ਨਿਕਟਤਾ ਵਿੱਚ, ਇਸ ਘਰ ਦੀ ਜਿਕਰਯੋਗ ਜੋੜੀ ਜਾ ਸਕਣ ਵਾਲੀ ਅਹਿਮੀਅਤ ਹੈ। ਹਿਊਟਸਨ ਇੱਕ ਮਹਾਨ ਕਲਪਨਾਕਾਰ ਸੀ। ਉਸਨੇ ਕੰਪਨੀ ਨੂੰ ਇੱਕ ਸਹਿਕਾਰੀ ਕੰਪਨੀ ਵਿੱਚ ਤਬਦੀਲ ਕਰਕੇ, ਜਿੱਥੇ ਕਾਮੇ ਨਫਿਆਂ ਨੂੰ ਸਾਂਝਾ ਕਰਦੇ ਸੀ, ਆਪਣੇ ਸਮਾਜਕ ਆਦਰਸ਼ਾਂ ਨੂੰ ਹਿਊਟਸਨ ਸ਼ੂ ਫੈਕਟਰੀ ਦੇ ਆਪਰੇਸ਼ਨ ਨਾਲ ਏਕੀਕਿਰਤ ਕਰਨ ਦੀ ਕੋਸ਼ਿਸ਼ ਕੀਤੀ। ਜੇ ਇਸਨੂੰ ਹਾਸਲ ਕਰ ਲਿਆ ਗਿਆ ਹੁੰਦਾ, ਕਾਰੋਬਾਰ ਦੇ ਖੇਤਰ ਵਿੱਚ ਇਹ ਇੱਕ ਮਹੱਤਵਪੂਰਨ ਕਾਢ ਹੁੰਦੀ, ਇਸਤੋਂ

# ਫਰੈਂਕ ਲੌਇਡ ਰਾਈਟ



ਵਿਸ਼ਾਲ ਲੰਬੇ-ਦਾਅ ਛੱਤ ਡੋਰਮਰ, ਪਰੇਰੀ ਸਕੂਲ ਸ਼ੈਲੀ ਦੀ ਵਿਸ਼ੇਸ਼ਤਾ ਹੈ

ਫਰੈਂਕ ਲੌਇਡ ਰਾਈਟ (8 ਜੂਨ, 1867 – 9 ਅਪਰੈਲ, 1959) ਇੱਕ ਅਮਰੀਕਨ ਭਵਨ-ਨਿਰਮਾਤਾ, ਇਨਟੀਰੀਅਰ ਡਿਜ਼ਾਈਨਰ, ਲੇਖਕ ਅਤੇ ਅਧਿਆਪਨਕਾਰ ਸੀ, ਜਿਸਨੇ 1,000 ਤੋਂ ਵਧੇਰੇ ਪ੍ਰੋਜੈਕਟਾਂ ਨੂੰ ਡਿਜ਼ਾਈਨ ਕੀਤਾ ਜਿਸਦਾ ਸਿੱਟਾ 500 ਤੋਂ ਵਧੇਰੇ ਪੂਰੇ ਕੀਤੇ ਗਏ ਕਾਰਜਾਂ ਦੇ ਰੂਪ ਵਿੱਚ ਨਿਕਲਿਆ।


ਰਾਈਟ ਨੇ ਜੈਵਿਕ ਭਵਨ-ਨਿਰਮਾਣ ਨੂੰ ਉਤਸ਼ਾਹਤ ਕੀਤਾ (ਜਿਸਦੀ ਉਦਾਹਰਨ ਡਿੱਗਦਾ ਪਾਣੀ ਹੈ), ਉਹ ਭਵਨ-ਨਿਰਮਾਣ ਦੀ ਪਰੇਰੀ ਸਕੂਲ ਲਹਿਰ ਦਾ ਨੇਤਾ ਸੀ (ਜਿਸਦੀ ਉਦਾਹਰਨ ਰੋਬੀ ਹਾਊਸ ਅਤੇ ਵੈਸਟਕੌਟ ਹਾਊਸ ਹਨ), ਅਤੇ ਉਸਨੇ ਯੂਸੋਨੀਅਨ ਹੋਮ (ਜਿਸਦੀ ਉਦਾਹਰਨ ਰੋਜ਼ੇਨਬਾਊਮ ਹਾਊਸ ਹੈ) ਦੇ ਸਿਧਾਂਤ ਦਾ ਵਿਕਾਸ ਕੀਤਾ। ਉਸਦੇ ਕੰਮ ਵਿੱਚ ਕਈ ਡਿਦਰਿੰਗ ਇਮਾਰਤੀ ਕਿਸਮਾਂ ਦੀਆਂ ਮੌਲਿਕ ਅਤੇ ਕਾਢਕਾਰੀ ਉਦਾਹਰਨਾਂ ਸ਼ਾਮਲ ਹਨ, ਜਿੰਨ੍ਹਾਂ ਵਿੱਚ ਦਫਤਰ, ਚਰਚਾਂ, ਸਕੂਲ, ਹੋਟਲ ਅਤੇ ਅਜਾਇਬਘਰ ਸ਼ਾਮਲ ਹਨ। ਰਾਈਟ ਨੇ ਅਕਸਰ ਆਪਣੀਆਂ ਇਮਾਰਤਾਂ ਦੇ ਅੰਦਰੂਨੀ ਅੰਸ਼ਾਂ ਨੂੰ ਵੀ ਡਿਜ਼ਾਈਨ ਕੀਤਾ, ਜਿਵੇਂ ਕਿ ਫਰਨੀਚਰ ਅਤੇ ਸਟੇਨਡ ਗਲਾਸ।

1900 ਅਤੇ 1917 ਦੇ ਵਿਚਕਾਰ, ਉਸਨੇ ਅਜਿਹੇ ਘਰਾਂ ਨੂੰ ਡਿਜ਼ਾਈਨ ਕਰਨਾ ਸ਼ੁਰੂ ਕੀਤਾ ਜੋ "ਪਰੇਰੀ ਹਾਊਸਾਂ" ਵਜੋਂ ਜਾਣੇ ਜਾਣਾ ਸ਼ੁਰੂ ਹੋਏ, ਜੋ ਚਪਟੇ, ਪਰੇਰੀ ਭੂ-ਦ੍ਰਿਸ਼ ਨਾਲ ਇੱਕ-ਮਿੱਕ ਹੋ ਜਾਣ ਵਾਸਤੇ ਸਨ। ਘੱਟ ਗਹਿਰੀਆਂ, ਢਲਾਣਦਾਰ ਛੱਤਾਂ, ਬੈਠੀਆਂ ਚਿਮਨੀਆਂ, ਛੱਜਿਆਂ ਅਤੇ ਟੈਰੇਸਾਂ ਦੇ ਨਾਲ ਵਿਸਤਾਰ ਕੀਤੀਆਂ ਨੀਵੀਆਂ ਇਮਾਰਤਾਂ ਦੁਆਰਾ ਇਹਨਾਂ ਮਕਾਨਾਂ ਨੂੰ ਚਰਿੱਤਰ ਦਿੱਤਾ ਗਿਆ ਸੀ। ਇਹਨਾਂ ਨੇ ਖੁੱਲ੍ਹੀਆਂ ਅੰਦਰੂਨੀ ਜਗ੍ਹਾਵਾਂ ਨੂੰ ਪੇਸ਼ ਕੀਤਾ, ਅਤੇ "ਖੁੱਲ੍ਹੀ ਯੋਜਨਾ" ਦੀਆਂ ਪਹਿਲੀਆਂ ਉਦਾਹਰਨਾਂ ਹੋਣ ਦਾ ਸੇਹਰਾ ਇਹਨਾਂ ਨੂੰ ਜਾਂਦਾ ਹੈ।

ਪਹਿਲਾਂ ਕਿ ਉਸਦੇ ਵਿਚਾਰਾਂ ਨੂੰ ਲਾਗੂ ਕੀਤਾ ਜਾ ਸਕਦਾ, 1928 ਵਿੱਚ ਉਹ ਗੁਜ਼ਰ ਗਿਆ। ਉਸਦੀ ਪਤਨੀ ਰੋਜਾ ਨੇ ਮਹਾਨ ਮੰਦੀ ਦੌਰਾਨ ਕਸ਼ਟ ਝੱਲ ਰਹੇ ਕਲਾਕਾਰਾਂ ਅਤੇ ਸ਼ਿਲਪਕਾਰਾਂ ਦੀ ਮਦਦ ਕਰਨ ਵੱਲ ਆਪਣਾ ਧਿਆਨ ਮੋੜ ਲਿਆ। ਆਪਣੇ ਦੂਜੇ ਪਤੀ, ਹਰਬਰਟ ਸਪੈਂਸਰ ਕਲਾਰਕ ਨਾਲ ਮਿਲਕੇ, ਉਸਨੇ 1932 ਵਿੱਚ ਗਿਲਡ ਆਫ ਆਲ ਆਰਟਸ ਨੂੰ ਸ਼ੁਰੂ ਕੀਤਾ ਅਤੇ ਅਗਲੇ 50 ਸਾਲਾਂ ਵਾਸਤੇ ਉਹਨਾਂ ਨੇ ਕਲਾਕਾਰਾਂ ਦਾ ਆਪਣੀ ਸਕਾਰਬਰੋ ਬਲੱਫਸ ਜਾਗੀਰ ਵਿੱਚ ਸਵਾਗਤ ਕੀਤਾ ਅਤੇ ਕੈਨੇਡੀਅਨ ਅਤੇ ਅੰਤਰਰਾਸ਼ਟਰੀ ਸਮਕਾਲੀਨ ਕਲਾ ਨੂੰ ਇਕੱਤਰ ਕੀਤਾ। ਇਸ ਗਿਲਡ ਨੇ ਕਈ ਪ੍ਰਸਿੱਧ ਮਹਿਮਾਨਾਂ ਦੀ ਮੇਜ਼ਬਾਨੀ ਕੀਤੀ ਅਤੇ ਇਸਨੂੰ ਇੱਕ ਨੇਵੀ ਦੇ ਸਿਖਲਾਈ ਅੱਡੇ ਵਜੋਂ ਅਤੇ ਵਿਸ਼ਵ ਯੁੱਧ II ਦੌਰਾਨ ਮਿਲਟਰੀ ਹਸਪਤਾਲ ਵਜੋਂ ਵਰਤਿਆ ਜਾਂਦਾ ਸੀ। ਜਾਗੀਰ ਨੂੰ ਓਨਟਾਰੀਓ ਸੂਬੇ ਨੂੰ ਵੇਚ ਦਿੱਤਾ ਗਿਆ ਸੀ ਅਤੇ ਵਰਤਮਾਨ ਸਮੇਂ ਇੱਕ ਪਾਰਕ ਵਜੋਂ ਇਸਦੀ ਦੇਖਭਾਲ ਕੀਤੀ ਜਾਂਦੀ ਹੈ। ਉਹਨਾਂ ਨੇ ਆਪਣੇ ਕਲਾ ਸੰਗ੍ਰਿਹ ਵਿੱਚੋਂ 300 ਤੋਂ ਵਧੇਰੇ ਕਾਰਜਾਂ ਨੂੰ ਓਨਟਾਰੀਓ ਹੈਰੀਟੇਜ ਫਾਊਂਡੇਸ਼ਨ ਨੂੰ ਦਾਨ ਵੀ ਕੀਤਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹਨਾਂ ਦਾ ਸੰਗ੍ਰਿਹ ਭਵਿੱਖ ਦੀਆਂ ਪੀੜ੍ਹੀਆਂ ਦੇ ਮਜ਼ੇ ਵਾਸਤੇ ਜਨਤਕ ਖੇਤਰ ਵਿੱਚ ਰਹਿ ਸਕੇ।

## ਭਵਨ-ਨਿਰਮਾਣ ਸ਼ਬਦਾਵਲੀ

**ਡੋਰਮਰ ਖਿੜਕੀ** – ਕਿਸੇ ਛੱਤ ਦੀ ਢਲਾਣ ਤੋਂ ਬਾਹਰ ਨੂੰ ਨਿਕਲੀ ਖਿੜਕੀ, ਜੋ ਮਮਟੀ ਜਾਂ ਉੱਪਰਲੀ ਮੰਜਿਲ 'ਤੇ ਰੋਸ਼ਨੀ ਪੈਣ ਨੂੰ ਯੋਗ ਬਣਾਉਂਦੀ ਹੈ।



# 26 44 ਨੈਲਸਨ ਸਟਰੀਟ ਪੱਛਮੀ (ਲਗਭਗ 1875)




## ਦਿਸ਼ਾ ਨਿਰਦੇਸ਼

ਨੈਲਸਨ ਸਟਰੀਟ ਨੂੰ ਪਾਰ ਕਰੋ ਅਤੇ ਮਿੱਲ ਸਟਰੀਟ ’ਤੇ ਹੋਰ ਦੱਖਣ ਵੱਲ ਪੈਦਲ ਚੱਲੋ। ਖੱਬੇ ਮੁੜ ਕੇ ਕਵੀਨ ਸਟਰੀਟ ’ਤੇ ਆ ਜਾਓ ਅਤੇ ਲਗਭਗ 70 ਮੀਟਰ ਪੈਦਲ ਚੱਲੋ, ਜਦ ਤੱਕ ਤੁਸੀਂ ਜੌਹਨ ਹੋਵਾਰਡ ਸੋਸਾਇਟੀ ਦੀ ਇਮਾਰਤ ਨਹੀਂ ਦੇਖਦੇ।

## ਭਵਨ-ਨਿਰਮਾਣ ਸ਼ਬਦਾਵਲੀ

**ਕਵੌਨਿੰਗ** – ਸਜਾਵਟੀ ਕੋਨਾ ਖੂਬੀ ਜੋ ਇੱਕ ਵਾਰੋ-ਵਾਰੀ ਆਉਣ ਵਾਲੀ ਖੜ੍ਹੇ-ਦਾਅ ਵੰਨਗੀ ਦੀ ਵਰਤੋਂ ਕਰਦੀ ਹੈ



ਲਗਭਗ 1875 ਵਿੱਚ ਬਣਾਇਆ ਗਿਆ ਇਹ ਘਰ ਲਾਲ ਇੱਟਾਂ ਦਾ ਬਣਿਆ ਹੋਇਆ ਹੈ, ਚੌੜੇ ਪਾਸੇ ਇਸਦੀਆਂ ਤਿੰਨ ਬੇਆਂ (bays) ਹਨ ਅਤੇ ਇਸਦੀ ਆਇਤਾਕਾਰ ਯੋਜਨਾ ਹੈ। ਇੱਕ ਨੋਟ ਕਰਨਯੋਗ ਖੂਬੀ ਕੇਂਦਰੀ ਬੇ ਹੈ ਜੋ ਇੱਕ ਪੋਰਚ ’ਤੇ ਥੋੜ੍ਹੀ ਜਿਹੀ ਅੱਗੇ ਨੂੰ ਵਧੀ ਹੋਈ ਹੈ, ਜਿਸਦੀ ਛੱਤ ਨੂੰ ਦੋ ਝਰੀਦਾਰ ਥੰਮ੍ਹੀਆਂ ਨੇ ਸਹਾਰਾ ਦਿੱਤਾ ਹੋਇਆ ਹੈ। ਘਰ ਦੀਆਂ ਹੋਰ ਖੂਬੀਆਂ ਵਿੱਚ ਸ਼ਾਮਲ ਹਨ ਭੂਰੇ ਰੰਗ ਦੀਆਂ ਇੱਟਾਂ ਤੋਂ ਬਣੇ ਬਾਹਰੀ ਕੋਨੇ (quoins), ਸਜਾਵਟੀ ਕੀਸਟੋਨ ਪੱਥਰ ਦੇ ਨਾਲ ਵੂਸਵਾਰ, ਸਜਾਵਟੀ ਲੱਕੜ ਦਾ ਫਰੀਜ਼, ਅਤੇ ਜੋੜੀਦਾਰ ਬਰੈਕਟਾਂ ਜੋ ਇਤਾਲਵੀ ਸ਼ੈਲੀ ਵਾਸਤੇ ਰਵਾਇਤੀ ਹਨ।

1893 ਕਲੈਕਟਰਜ਼ ਰੋਲਜ਼ ਸੰਕੇਤ ਕਰਦੇ ਹਨ ਕਿ ਰੈਵਰੰਡ ਅਲਫਰੈੱਡ ਗਰੈਂਡੀਅਰ, ਜੋ ਸੇਂਟ ਪਾਉਲਜ ਮੈਥੋਡਿਸਟ ਚਰਚ ਵਿਖੇ ਇੱਕ ਮਿਨਿਸਟਰ ਹੁੰਦਾ ਸੀ, ਜੌਰਜ ਅਤੇ ਮਾਰਥਾ ਮਰਸੀ ਨਾਲ ਇਸ ਰਿਹਾਇਸ਼ ਵਿੱਚ ਰਿਹਾ ਸੀ।

# 27 ਜੌਹਨ ਹੋਵਾਰਡ ਸੋਸਾਇਟੀ (1937)

## 100 ਕਵੀਨ ਸਟਰੀਟ ਪੱਛਮੀ




### ਦਿਸ਼ਾ ਨਿਰਦੇਸ਼

ਕਵੀਨ ਸਟਰੀਟ 'ਤੇ ਪੂਰਬ ਵੱਲ ਚੱਲਣਾ ਜਾਰੀ ਰੱਖੋ ਅਤੇ ਐਲਿਜ਼ਾਬੈਥ ਸਟਰੀਟ ਨੂੰ ਪਾਰ ਕਰ ਜਾਓ। ਕਰਾਈਸਟ ਚਰਚ ਉੱਤਰ-ਪੂਰਬੀ ਕੋਨੇ 'ਤੇ ਹੈ।

100 ਕਵੀਨ ਸਟਰੀਟ ਪੱਛਮੀ ਵਿਖੇ ਚੰਗੀ ਤਰ੍ਹਾਂ ਸਾਂਭ ਕੇ ਰੱਖਿਆ ਇਹ 20ਵੀਂ ਸਦੀ ਦਾ ਘਰ ਟਿਊਡਰ ਰੀਵਾਈਵਲ ਸ਼ੈਲੀ ਦੀ ਦੁਰਲੱਭ ਉਦਾਹਰਨ ਹੈ ਜੋ 1990ਵਿਆਂ ਤੋਂ ਲੈਕੇ 1940ਵਿਆਂ ਤੱਕ ਪ੍ਰਚਲਿਤ ਰਿਹਾ। ਟਿਊਡਰ ਰੀਵਾਈਵਲ ਇਤਿਹਾਸਕ ਸ਼ੈਲੀਆਂ ਦੀਆਂ ਵਫਾਦਾਰ ਨਕਲਾਂ 'ਤੇ ਭਰੋਸਾ ਕਰਦਾ ਹੈ। ਇਸ ਖੁੱਲ੍ਹ-ਦਿਲੀ ਸ਼ੈਲੀ ਨੂੰ ਅਕਸਰ "ਜੈਕੋਬੈਥਨ" ਕਿਹਾ ਜਾਂਦਾ ਹੈ। ਇਸ ਟਿਊਡਰ ਰੀਵਾਈਵਲ ਘਰ ਦੀਆਂ ਵਿਲੱਖਣ ਖੂਬੀਆਂ ਵਿੱਚ ਸ਼ਾਮਲ ਹਨ ਇਸਦੀਆਂ ਨਕਲੀ, ਅਰਧ-ਲੱਕੜੀ ਤੋਂ ਬਣੀਆਂ ਦੀਵਾਰਾਂ ਦੀਆਂ ਸਤਹਾਂ, ਲੰਬੀਆਂ ਅਤੇ ਛੋਟੇ-ਸ਼ੀਸ਼ਿਆਂ ਵਾਲੀਆਂ ਖਿੜਕੀਆਂ, ਇੱਕ ਕਮਾਨੀਦਾਰ ਪ੍ਰਵੇਸ਼, ਇੱਕ ਛੋਟਾ ਜਿਹਾ ਪੋਰਚ ਦਾ ਵਾਧਰਾ, ਅਤੇ ਦੇਗੀ ਲੋਹੇ ਦੀ ਸਜਾਵਟ। ਘਰ ਦੀ ਭਵਨ-ਨਿਰਮਾਣ ਸ਼ੈਲੀ ਦਾ ਸਭ ਤੋਂ ਵਧ ਪ੍ਰਤੱਖ ਸੰਕੇਤ ਹੈ ਮੂਹਰਲੀ ਗੇਬਲ 'ਤੇ ਅਰਧ-ਲੱਕੜੀ ਦੀ ਵਰਤੋਂ।

# ਜੌਹਨ ਹੋਵਾਰਡ ਸੋਸਾਇਟੀ

ਸੋਸਾਇਟੀ ਖੋਜ, ਸਿੱਖਿਆ, ਪ੍ਰਣਾਲੀ ਵਿੱਚ ਤਬਦੀਲੀ ਅਤੇ ਵਿਅਕਤੀ ਵਿਸ਼ੇਸ਼ਾਂ ਨੂੰ ਸਹਾਇਤਾ ਸੇਵਾਵਾਂ ਨੂੰ ਉਤਸ਼ਾਹ ਦੇਕੇ ਜੁਰਮ ਨੂੰ ਰੋਕਣ ਦੀ ਇੱਛਾ ਕਰਦੀ ਹੈ। ਇਸ ਸੋਸਾਇਟੀ ਦਾ ਨਾਮ ਜੌਹਨ ਹੋਵਾਰਡ (1726 – 1790) ਦੇ ਨਾਮ 'ਤੇ ਰੱਖਿਆ ਗਿਆ ਹੈ, ਜਿਸਨੇ ਆਪਣੇ ਮੌਲਿਕ ਕਾਰਜ ਦਾ ਸਟੇਟ ਆਫ ਪਰਿਜਨਜ਼ ਇਨ ਇੰਗਲੈਂਡ ਐਂਡ ਵੇਲਜ਼ ਵਿੱਚ ਜੇਲ੍ਹਾਂ ਦੀਆਂ ਹਾਲਤਾਂ ਦਾ ਇਤਿਹਾਸ ਲਿਖਿਆ ਹੈ। ਜੌਹਨ ਹੋਵਾਰਡ ਦੀ ਕਿਤਾਬ ਨੇ ਇੰਗਲੈਂਡ ਵਿੱਚ ਜੇਲ੍ਹ ਸੁਧਾਰ ਲਹਿਰ ਨੂੰ ਤੂਲ ਦੇਣ ਵਿੱਚ ਮਦਦ ਕੀਤੀ ਅਤੇ ਇਹ ਯੂਰਪ ਵਿੱਚ ਸਜ਼ਾ ਸਬੰਧੀ ਪ੍ਰਣਾਲੀ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਦਾ ਆਧਾਰ ਸੀ।



"IN THE PUBLIC EYE" BY O. S. Walker

**A Foolish Person**

is he who believes that he is saving money by not having his eyes examined by a competent Optometrist.

Defective eyesight reduces the individual's efficiency—which is his earning power. This may mean loss of employment, then what?

Maintain your earning power. Have us examine your eyes.

Good glasses if you need them; good advice if you don't.

**Dr. O. T. Walker D.O.Sc.**


Optometrist and Eyesight Specialist

Phone 599, Brampton

Upstairs over Abell's Drug Store

## ਭਵਨ-ਨਿਰਮਾਣ ਸ਼ਬਦਾਵਲੀ

**ਹਾਫ-ਟਿੰਬਰਿੰਗ** – ਕਿਸੇ ਇਮਾਰਤ ਦਾ ਨੰਗਾ ਲੱਕੜੀ ਦਾ ਫਰੇਮ, ਜੋ ਮੱਧ-ਕਾਲੀਨ ਯੂਰਪ ਅਤੇ ਕਈ ਸਾਰੀਆਂ ਰੀਵਾਈਵਲ ਸ਼ੈਲੀਆਂ ਵਿੱਚ ਵਰਤਿਆ ਗਿਆ, ਖ਼ਾਸ ਕਰਕੇ ਟਿਊਡਰ ਰੀਵਾਈਵਲ ਵਿੱਚ, ਜਿੱਥੇ ਇਹ ਅਕਸਰ ਇੱਕ ਸਜਾਵਟੀ ਖੂਬੀ ਹੈ ਅਤੇ ਢਾਂਚੇ ਦੀ ਖੂਬੀ ਨਹੀਂ ਹੈ।



ਇਸ ਜਾਇਦਾਦ ਨੂੰ ਸਭ ਤੋਂ ਵੱਧ ਡਾਕਟਰ ਓ.ਟੀ. ਵਾਕਰ ਦੇ ਨਾਲ ਜੋੜਿਆ ਗਿਆ ਹੈ, ਜੋ ਇੱਕ ਲੰਬੇ ਸਮੇਂ ਤੋਂ ਬਰੈਮਪਟਨ ਦਾ ਨਾਗਰਿਕ ਅਤੇ ਕਾਰੋਬਾਰੀ ਰਿਹਾ ਹੈ। ਉਸਨੇ ਕਈ ਸਾਲਾਂ ਤੱਕ ਮੇਨ ਸਟਰੀਟ ਦੱਖਣੀ 'ਤੇ ਇੱਕ ਔਪਟੋਮੀਟਰਿਸਟ ਵਜੋਂ ਬਰੈਮਪਟਨ ਭਾਈਚਾਰੇ ਦੀ ਸੇਵਾ ਕੀਤੀ, ਅਤੇ ਉਹ ਮੇਜ਼ੋਨਿਕ ਲੌਜ਼ ਦਾ ਮਾਸਟਰ ਸੀ। 1934 ਵਿੱਚ, ਵਾਕਰ ਪਹਿਲੇ ਵਿਸ਼ਵ ਯੁੱਧ ਵਿੱਚ ਭਰਤੀ ਹੋ ਗਿਆ ਅਤੇ ਉਸਨੇ ਸਮੁੰਦਰੋਂ ਪਾਰ ਸੇਵਾ ਨਿਭਾਈ। ਇਹ ਘਰ ਡੇਲ ਪਰਿਵਾਰ ਦੇ ਨਾਲ ਵੀ ਜੁੜਿਆ ਹੋਇਆ ਹੈ, ਜੋ 1940ਵਿਆਂ ਦੇ ਮੱਧ ਤੋਂ ਲੈਕੇ 1960ਵਿਆਂ ਦੇ ਸ਼ੁਰੂ ਤੱਕ ਇਸਦੇ ਮਾਲਕ ਰਹੇ।

# 28 ਕਰਾਈਸਟ ਚਰਚ (ਲਗਭਗ 1875)

## 4 ਐਲਿਜ਼ਾਬੈਥ ਸਟਰੀਟ ਉੱਤਰੀ



### ਦਿਸ਼ਾ ਨਿਰਦੇਸ਼

ਐਲਿਜ਼ਾਬੈਥ ਸਟਰੀਟ 'ਤੇ ਉੱਤਰ ਵੱਲ ਚੱਲੋ ਜਦ ਤੱਕ ਤੁਸੀਂ ਨੈਲਸਨ ਸਟਰੀਟ 'ਤੇ ਨਹੀਂ ਪਹੁੰਚ ਜਾਂਦੇ। ਤੁਹਾਡੇ ਸੱਜੇ ਪਾਸੇ, ਦੱਖਣ-ਪੂਰਬੀ ਕੋਨੇ 'ਤੇ ਤੁਸੀਂ ਹੈਗਰਟਲੀਆ ਨੂੰ ਦੇਖੋਂਗੇ।



ਇੱਕ ਬਹੁਤ ਹੀ ਉੱਘਾ ਭੂ-ਦ੍ਰਿਸ਼, ਕਵੀਨ ਅਤੇ ਐਲਿਜ਼ਾਬੈਥ ਸਟਰੀਟਾਂ ਦੇ ਕੋਨੇ 'ਤੇ ਚਰਚ ਬਰੈਮਪਟਨ ਦੇ ਇਤਿਹਾਸ ਦੀਆਂ ਜੜ੍ਹਾਂ ਵਿੱਚ ਵਸੀ ਹੋਈ ਹੈ। ਸਥਾਨਕ ਸ਼ਿਲਪਕਾਰਾਂ ਵੱਲੋਂ ਬਣਾਈ ਗਈ ਇਸ ਚਰਚ ਦਾ ਨੀਂਹ ਪੱਥਰ 1875 ਵਿੱਚ ਰੱਖਿਆ ਗਿਆ ਸੀ ਅਤੇ ਚਰਚ ਨੂੰ 1876 ਵਿੱਚ ਸਮਰਪਿਤ ਕੀਤਾ ਗਿਆ ਸੀ। ਕਰਾਈਸਟ ਚਰਚ ਬਰੈਮਪਟਨ ਵਿੱਚ ਐਂਗਲੀਕਨ ਭਾਈਚਾਰੇ ਦਾ ਤੀਜਾ ਘਰ ਹੈ, ਜੋ ਜੋਸਫ ਸਟਰੀਟ 'ਤੇ ਇੱਕ ਪਹਿਲਾਂ ਬਣੀ ਇਮਾਰਤ ਦੀ ਉੱਤਰਾਧਿਕਾਰੀ ਹੈ, ਜਿਸਨੇ ਚੇਪਲ ਸਟਰੀਟ ਦੇ ਨੇੜੇ ਜੌਹਨ ਸਟਰੀਟ 'ਤੇ ਇੱਕ ਲੱਕੜੀ ਦੇ ਫਰੇਮ ਤੋਂ ਬਣੇ ਢਾਂਚੇ ਦੀ ਜਗਾਹ ਲਈ ਸੀ।



## ਭਵਨ-ਨਿਰਮਾਣ ਸ਼ਬਦਾਵਲੀ

**ਬੱਟਰੈੱਸ** – ਇੱਟਾਂ ਦਾ ਸਮੂਹ ਜਾਂ ਉਸਾਰੀ ਦਾ ਕੰਮ ਜੋ ਕਿਸੇ ਕੰਧ ਤੋਂ ਬਾਹਰ ਵੱਲ ਨਿਕਲਿਆ ਹੁੰਦਾ ਹੈ ਅਤੇ ਕਿਸੇ ਇਮਾਰਤ ਦੇ ਢਾਂਚੇ ਨੂੰ ਮਜ਼ਬੂਤ ਕਰਦਾ ਹੈ



ਮੰਨਿਆ ਜਾਂਦਾ ਹੈ ਕਿ ਸਥਾਨਕ ਚਰਚ ਭਾਈਚਾਰੇ (parish) ਦੀ ਸਥਾਪਨਾ 1851 ਵਿੱਚ ਰੈਵਰੰਡ ਵਿਲੀਅਮ ਗੀਜ਼ ਟੱਕਰ ਦੀ ਨਿਯੁਕਤੀ ਨਾਲ ਹੋਈ ਸੀ। 1884 ਵਿੱਚ, ਈਪਸਕੋਪਲ, ਵੈਸਲੇਯਾਨ ਅਤੇ ਪ੍ਰੀਮਿਟਿਵ ਮੈਥੋਡਿਸਟ ਚਰਚਾਂ ਨੇ ਮੈਥੋਡਿਸਟ ਚਰਚ ਆਫ ਕੈਨੇਡਾ ਦਾ ਨਿਰਮਾਣ ਕਰਨ ਲਈ ਹੱਥ ਮਿਲਾਇਆ ਅਤੇ ਮੈਥੋਡਿਸਟ ਈਪਸਕੋਪਲ ਚਰਚ ਨੂੰ ਭੰਗ ਕਰ ਦਿੱਤਾ ਗਿਆ। ਇਸੇ ਸਾਲ, ਚਰਚ ਆਫ ਇੰਗਲੈਂਡ ਨੇ ਕਵੀਨ ਅਤੇ ਐਲਿਜ਼ਾਬੈਥ ਸਟਰੀਟਾਂ ਦੇ ਕੋਨੇ ’ਤੇ ਸਥਿਤ ਇਮਾਰਤ ਨੂੰ ਮੈਥੋਡਿਸਟ ਈਪਸਕੋਪਲ ਚਰਚ ਦੇ ਬਚੇ ਹੋਏ ਟਰੱਸਟੀਆਂ ਤੋਂ ਖਰੀਦ ਲਿਆ ਅਤੇ ਐਂਗਲੀਕਨ ਪੂਜਾ ਦੀਆਂ ਲੋੜਾਂ ਅਨੁਸਾਰ ਫਿੱਟ ਬੈਠਣ ਲਈ ਇਸ ਵਿੱਚ ਸੋਧ ਕਰ ਲਈ। ਬਰੈਮਪਟਨ ਵਿੱਚ ਦੋ ਕਿਸਮਾਂ ਦੀਆਂ ਸੰਗਤਾਂ ਦੇ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਣ ਕਰਕੇ, ਬਰੈਮਪਟਨ ਦੇ ਬਹੁਤ ਸਾਰੇ ਵਸਨੀਕਾਂ ਵਾਸਤੇ ਇਸ ਚਰਚ ਦੀ ਵਿਸ਼ੇਸ਼ ਮਹੱਤਤਾ ਹੈ।

ਇਹ ਚਰਚ ਲਾਲ ਇੱਟਾਂ ਦੀ ਬਣੀ ਆਇਤਾਕਾਰ ਇਮਾਰਤ ਹੈ ਜਿਸਦੀਆਂ ਵਖਰੇਂਵੇਦਾਰ ਬਾਦਾਮੀ ਇੱਟਾਂ ਦੀਆਂ ਬੱਟਰੈੱਸਾਂ ਅਤੇ ਕੱਟ ਫ੍ਰੀਸਟੋਨ ਟੋਪੀਆਂ ਹਨ। ਮੁੱਖ ਢਾਂਚਾ ਪੰਜ ਭਾਗਾਂ ਤੋਂ ਮਿਲਕੇ ਬਣਿਆ ਹੈ, ਜਿਸ ਵਿੱਚ ਹਰੇਕ ਵਿੱਚ ਬੱਟਰੈੱਸਾਂ (buttresses) ਦੇ ਵਿਚਕਾਰ ਇੱਕ ਲੰਬੀ ਲੈਨਸੈੱਟ ਖਿੜਕੀ ਹੈ। ਪੱਛਮੀ ਸਿਰੇ ਵਿੱਚ ਇੱਕ ਮੁਨਾਰੇ ਦੇ ਨਾਲ ਇੱਕ ਘੰਟਾ ਘਰ ਹੈ। ਟਾਵਰ ਦੇ ਪੱਛਮੀ ਪਾਸੇ ਚਰਚ ਵਿੱਚ ਜਾਣ ਵਾਲਾ ਮੁੱਖ ਦਰਵਾਜ਼ਾ ਹੈ ਜਿਸਦੇ ਉੱਪਰ ਇੱਕ ਲੰਬੀ ਨੋਕਦਾਰ ਗੋਥਿਕ ਖਿੜਕੀ ਹੈ। ਚਰਚ ਦੇ ਪੂਰਬੀ ਪਾਸੇ ਦਾ ਚੈਂਸਲ 1884 ਵਿੱਚ ਸ਼ਾਮਲ ਕੀਤਾ ਗਿਆ ਸੀ। ਚੈਂਸਲ ਦੇ ਪੂਰਬੀ ਪਾਸੇ ਤੁਸੀਂ ਯਾਦਗਾਰੀ ਖਿੜਕੀ ਦੇਖ ਸਕਦੇ ਹੋ ਜਿਸਨੂੰ ਪੁਰਾਣੀ ਚਰਚ ਵਿੱਚ ਜੋਸਫ ਸਟਰੀਟ ’ਤੇ 1871 ਵਿੱਚ ਲਗਾਇਆ ਗਿਆ ਸੀ ਅਤੇ ਫੇਰ ਸੰਗਤ ਦੇ ਨਾਲ ਹੀ ਇਸਨੂੰ 1884 ਵਿੱਚ ਨਵੀਂ ਚਰਚ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ।

# 29 ਹੈਗਰਟਲੀਆ (ਲਗਭਗ 1870)
## 28 ਐਲਿਜ਼ਾਬੈਥ ਸਟਰੀਟ ਉੱਤਰੀ





ਮੂਲ ਹੈਗਰਟਲੀਆ ਇੱਕ ਵਿਸ਼ਾਲ ਜਾਗੀਰ ਸੀ ਜੋ ਇੱਕ ਗਰੀਨਹਾਊਸ ਅਤੇ ਟੈਰੇਸ ਵਾਲੇ ਭੂ-ਦ੍ਰਿਸ਼ਾਂ ਦਾ ਵਿਖਾਵਾ ਕਰਦੀ ਸੀ

ਲਗਭਗ 1870 ਵਿੱਚ ਬਣੀ, ਹੈਗਰਟਲੀਆ ਆਪਣੇ ਕਾਲ ਵਿੱਚ ਬਰੈਮਪਟਨ ਦੇ ਸਭ ਤੋਂ ਵੱਧ ਆਕਰਸ਼ਕ ਘਰਾਂ ਵਿੱਚੋਂ ਇੱਕ ਸੀ। ਜੌਹਨ ਹੈਗਰਟ, ਹੈਗਰਟ ਬਰੱਦਰਜ਼ ਫਾਊਂਡਰੀ ਦਾ ਸੰਸਥਾਪਕ ਸੀ, ਜੋ ਕਸਬੇ ਦਾ ਪਹਿਲਾ ਮੇਅਰ, ਅਤੇ ਇਸ ਹਵੇਲੀ ਦਾ ਮੂਲ ਮਾਲਕ ਸੀ। ਉਸਦੇ ਫਾਊਂਡਰੀ ਦੇ ਉਦਯੋਗ ਨੇ ਬਰੈਮਪਟਨ ਦੇ ਸ਼ੁਰੂਆਤੀ ਵਿਕਾਸ ਵਿੱਚ ਵੱਡੀ ਭੂਮਿਕਾ ਨਿਭਾਈ ਪਰ ਉਹ 1891 ਵਿੱਚ ਦੀਵਾਲੀਏਪਣ ਦਾ ਸ਼ਿਕਾਰ ਬਣ ਗਿਆ।

N W E S


### ਦਿਸ਼ਾ ਨਿਰਦੇਸ਼

ਨੈਲਸਨ ਸਟਰੀਟ 'ਤੇ ਪੂਰਬ ਵੱਲ ਚੱਲੋ ਜਦ ਤੱਕ ਤੁਸੀਂ ਮੇਨ ਸਟਰੀਟ 'ਤੇ ਨਹੀਂ ਪਹੁੰਚ ਜਾਂਦੇ। ਮੇਨ ਸਟਰੀਟ 'ਤੇ ਸੱਜੇ ਵੱਲ ਮੁੜੋ ਅਤੇ ਤਦ ਤੱਕ ਦੱਖਣ ਵੱਲ ਚਲਦੇ ਰਹੋ ਜਦ ਤੱਕ ਤੁਸੀਂ ਨੰਬਰ 15-19 ਤੱਕ ਨਹੀਂ ਪਹੁੰਚ ਜਾਂਦੇ, ਜੋ ਤੁਹਾਡੇ ਸੱਜੇ ਪਾਸੇ ਹੋਵੇਗਾ।



### ਭਵਨ-ਨਿਰਮਾਣ ਸ਼ਬਦਾਵਲੀ

**ਮਾਨਸਰਡ ਰੂਫ** – ਇਹ ਛੱਤ ਜਿਸਦਾ ਨਾਮ ਫਰੈਂਕੋਇਸ ਮਾਨਸਰਟ ਦੇ ਨਾਂਅ 'ਤੇ ਰੱਖਿਆ ਗਿਆ ਸੀ, ਲਗਭਗ ਸਿਖਰਲੇ ਖੰਡ 'ਤੇ ਹੈ ਅਤੇ ਫੇਰ ਇਸਦੇ ਬੇਹੱਦ ਢਲਾਣਦਾਰ, ਅਕਸਰ ਕਮਾਨੀਦਾਰ, ਨਿਚਲੇ ਖੰਡ ਹਨ ਜੋ ਆਮ ਤੌਰ 'ਤੇ ਡੋਰਮਰਾਂ ਦੁਆਰਾ ਬਿਆਨੇ ਜਾਂਦੇ ਹਨ



ਹੈਗਰਟ ਭਰਾਵਾਂ ਨੇ ਮੱਧ-ਤੋਂ ਲੈਕੇ-ਅੰਤਲੇ 1880ਵਿਆਂ ਵਿੱਚ ਬਰੈਮਪਟਨ ਦੇ ਸ਼ੁਰੂਆਤੀ ਵਿਕਾਸ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ। ਹੈਗਰਟਲੀਆ ਉਦਯੋਗਿਕ ਵਿਕਾਸ ਅਤੇ ਇਸਦੇ ਬਾਅਦ ਇਮਾਰਤਾਂ ਵਿੱਚ ਆਈ ਉਸ ਭਰਮਾਰ ਦੀ ਪ੍ਰਤੀਨਿਧ ਹੈ ਜੋ ਬਰੈਮਪਟਨ ਵਿੱਚ 1800ਵਿਆਂ ਦੇ ਅਖੀਰ ਵਿੱਚ ਬਰੈਮਪਟਨ ਵਿੱਚ ਵਾਪਰੀ। ਇਹ 19ਵੀਂ ਸਦੀ ਦੇ ਮੱਧ ਵਿੱਚ ਬਰੈਮਪਟਨ ਵਿੱਚ ਜਾਗੀਰਾਂ 'ਤੇ ਬਣਾਏ ਵਿਸਤਰਿਤ ਭੂ-ਦ੍ਰਿਸ਼ੀ ਮੈਦਾਨਾਂ ਵਾਲੇ ਮਕਾਨਾਂ ਵਰਗੀ ਹੈ, ਜਿਵੇਂ ਕਿ ਕੇਨੈੱਥ ਕ੍ਰਿਸਹੋਮ ਦਾ "ਐਲਡਰਲੀਆ" ਅਤੇ ਜੌਰਜ ਰਾਈਟ ਦਾ "ਕੈਸਲ"।

ਹੈਗਰਟਲੀਆ ਨੂੰ ਸੈਕੰਡ ਇਮਪਾਇਰ ਸ਼ੈਲੀ ਵਿੱਚ ਬਣਾਇਆ ਗਿਆ ਸੀ (ਜੋ ਬਰੈਮਪਟਨ ਵਿੱਚ ਇੱਕ ਦੁਰਲੱਭ ਭਵਨ-ਨਿਰਮਾਣ ਸ਼ੈਲੀ ਹੈ), ਜਿਸਦਾ ਠੋਸ ਢਾਂਚਾ ਬਹੁਤ ਸਾਰੇ ਖਿੜਕੀਆਂ ਦੇ ਮੁਹਾਨਿਆਂ ਦੁਆਰਾ ਤੋੜਿਆ ਹੋਇਆ ਹੈ, ਜਿਸ ਵਿੱਚ ਜਾਣੀ-ਪਛਾਣੀ ਮਾਨਸਾਰਡ ਛੱਤ ਵਿੱਚ ਡੋਰਮਰ ਵੀ ਸ਼ਾਮਲ ਹਨ। ਘਰ ਦੀ ਸੁੰਦਰਤਾ ਦਾ ਇੱਕ ਵੱਡਾ ਭਾਗ ਇਸਦੇ ਟੈਰੇਸ ਵਾਲੇ ਘਾਹ ਦੇ ਮੈਦਾਨਾਂ ਅਤੇ ਬਾਊਲਿੰਗ ਗਰੀਨਜ਼ ਵਿੱਚ ਹੈ, ਜੋ ਉਸ ਜਗਹ ਤੱਕ ਫੈਲੇ ਹੋਏ ਸਨ ਜੋ ਅੱਜ ਜੌਰਜ ਸਟਰੀਟ ਹੈ। ਮੁੱਖ ਮਕਾਨ, ਜੋ ਹੈਗਰਟਲੀਆ ਦਾ ਉਹ ਸਾਰੇ ਦਾ ਸਾਰਾ ਭਾਗ ਹੈ ਜੋ ਬਚਿਆ ਹੈ, ਅਜੇ ਵੀ ਆਪਣੇ ਮੂਲ ਰੂਪ ਦੀਆਂ ਮੁੱਢਲੀਆਂ ਭਵਨ ਨਿਰਮਾਣ ਖੂਬੀਆਂ ਨੂੰ ਰੱਖੇ ਹੋਏ ਹੈ।

# ਹੈਗਰਟ ਦੇ ਖੇਤੀਬਾੜੀ ਔਜ਼ਾਰ




ਜੌਹਨ ਹੈਗਰਟ ਬਰੈਮਪਟਨ ਦੇ ਸਭ ਤੋਂ ਵੱਧ ਸਫਲ ਸ਼ੁਰੂਆਤੀ ਉਦਯੋਗਪਤੀਆਂ ਵਿੱਚੋਂ ਇੱਕ ਸੀ। ਉਸਦੀ ਕੰਪਨੀ ਨੇ ਖੇਤ ਮਸ਼ੀਨਰੀ ਦਾ ਨਿਰਮਾਣ ਕੀਤਾ, ਅਤੇ 40 ਸਾਲਾਂ ਵਾਸਤੇ ਉਹ ਬਰੈਮਪਟਨ ਦਾ ਸਭ ਤੋਂ ਵੱਡਾ ਰੁਜ਼ਗਾਰਦਾਤਾ ਸੀ। ਹੈਗਰਟ ਦੀਆਂ ਮਸ਼ੀਨਾਂ ਸ਼ਾਨਦਾਰ ਸਨ ਅਤੇ ਕੰਪਨੀ ਤਕਨਾਲੋਜੀ ਦੇ ਸਭ ਤੋਂ ਅਗਲੇ ਭਾਗ 'ਤੇ ਸੀ।

"ਉਹਨਾਂ ਦੇ ਨਿਰਮਾਣਾਂ ਦੀ ਸ਼ਾਖ ਨੇ ਅਜਿਹੀ ਮੰਗ ਪੈਦਾ ਕੀਤੀ, ਕਿ ਇੱਕ ਟਿਕਾਊ ਅਤੇ ਲਗਾਤਾਰ ਵਾਧੇ ਨੂੰ ਮਜ਼ਬੂਰ ਕੀਤਾ ਜਦੋਂ ਤੱਕ ਕਿ, ਵਰਤਮਾਨ ਸਮੇਂ, ਉਹ ਡੋਮੀਨੀਅਨ ਦੇ ਖੇਤੀਬਾੜੀ ਸਬੰਧੀ ਨਿਰਮਾਣ ਕਰਤਾਵਾਂ ਵਿੱਚ ਸਭ ਤੋਂ ਅਗਲੀ ਕਤਾਰ ਵਿੱਚ ਨਹੀਂ ਆ ਗਏ, ਜਿਸਦੇ ਸਬੂਤ ਵਜੋਂ ਉਹ ਪਿਛਲੇ 15 ਸਾਲਾਂ ਵਿੱਚ ਹਰੇਕ ਸੂਬਾਈ ਅਤੇ ਕਾਊਂਟੀ ਪ੍ਰਦਰਸ਼ਨੀ ਵਿੱਚ ਜਿੱਤੇ ਇਨਾਮਾਂ ਦੇ ਤੱਥ ਵੱਲ ਇਸ਼ਾਰਾ ਕਰਦੇ ਹਨ"।

– ਪੀਲ ਐਟਲਸ ਜਿਵੇਂ ਕਿ ਲਵਰਸੀਡ ਐੱਚ.ਵੀ.
ਵਿੱਚ ਦਿੱਤੇ ਉਤਕਥਨ ਮੁਤਾਬਿਕ,
ਬਰੈਮਪਟਨ: ਇੱਕ ਚਿਤਰਮਈ ਇਤਿਹਾਸ, 1987

# 30 ਬਲੇਨਜ਼ ਬਲਾਕ (ਲਗਭਗ 1870)

## 5-19 ਮੇਨ ਸਟਰੀਟ ਉੱਤਰੀ




### ਦਿਸ਼ਾ ਨਿਰਦੇਸ਼

ਮੇਨ ਸਟਰੀਟ 'ਤੇ ਦੱਖਣ ਵੱਲ ਹੋਰ ਚੱਲੋ ਜਦ ਤੱਕ ਤੁਸੀਂ ਕਵੀਨ ਸਟਰੀਟ 'ਤੇ ਨਹੀਂ ਪਹੁੰਚ ਜਾਂਦੇ। ਇਸ ਚੌਂਕ ਨੂੰ ਫੇਰ ਕਾਰਨਰਜ਼ ਵਜੋਂ ਜਾਣਿਆ ਜਾਂਦਾ ਹੈ।

15-19 ਮੇਨ ਸਟਰੀਟ ਉੱਤਰੀ ਦੀ ਸੱਭਿਆਚਾਰਕ ਵਿਰਾਸਤੀ ਅਹਿਮੀਅਤ ਇਸਦੇ 19ਵੀਂ ਸਦੀ ਦੀ ਵਪਾਰਕ ਇਮਾਰਤ ਵਜੋਂ ਡਿਜ਼ਾਈਨ ਨਾਲ ਸਬੰਧਿਤ ਹੈ। ਇਹ ਬਰੈਮਪਟਨ ਵਿੱਚ ਸਭ ਤੋਂ ਪੁਰਾਣੇ ਬਚੇ ਹੋਏ ਵਪਾਰਕ ਬਲਾਕਾਂ ਵਿੱਚੋਂ ਇੱਕ ਹੈ, ਅਤੇ ਕਲਾਸੀਕਲ ਖੂਬੀਆਂ ਵਾਲੇ ਇਤਾਲਵੀ ਵਪਾਰਕ ਭਵਨ-ਨਿਰਮਾਣ ਦੀ ਇੱਕ ਵਧੀਆ ਉਦਾਹਰਨ ਹੈ। 15-19 ਮੇਨ ਸਟਰੀਟ ਉੱਤਰੀ ਇੱਕ ਤਿੰਨ-ਮੰਜਿਲਾ ਇੱਟਾਂ ਦੀ ਬਣੀ ਇਮਾਰਤ ਹੈ ਜਿਸਨੂੰ ਛੇ ਭਾਗਾਂ (bays) ਵਿੱਚ ਵੰਡਿਆ ਗਿਆ ਹੈ, ਜਿੱਥੇ ਤਿੰਨ ਦੱਖਣੀ ਭਾਗਾਂ ਉੱਤੇ ਬੈੱਲ ਕਾਸਟ ਮਾਨਸਰਡ ਛੱਤ ਹੈ ਜਦਕਿ ਉੱਤਰੀ ਸਿਰੇ 'ਤੇ ਇੱਕ ਚਪਟੀ ਛੱਤ ਹੈ।




ਪਿਛਲੀ ਕੰਧ ਇਸਦੇ ਅਜੀਬ ਕੋਣ ਦੇ ਕਰਕੇ ਗੈਰ-ਸਾਧਾਰਨ ਹੈ, ਜਿਸਨੂੰ ਇਸ ਤਰੀਕੇ ਨਾਲ ਬਣਾਇਆ ਗਿਆ ਸੀ ਕਿਉਂਕਿ ਇਹ ਈਟੋਬੀਕੋਕ ਦਰਿਆ ਦੇ ਕਿਨਾਰੇ ਦੀ ਪਿਛਲੀ ਕੰਧ ਬਣਾਉਂਦੀ ਸੀ। ਪਿਛਲੀ ਕੰਧ ਦਾ ਇੱਕ ਵਿਸ਼ੇਸ਼ ਲੱਛਣ ਇੱਕ ਦਰਵਾਜ਼ਾ ਵੀ ਹੈ ਜਿਸਨੂੰ ਕਿਸੇ ਹੜ੍ਹ ਦੇ ਬਾਅਦ ਪਾਣੀ ਨੂੰ ਇਮਾਰਤ ਵਿੱਚੋਂ ਬਾਹਰ ਕੱਢਣ ਲਈ ਵੀ ਵਰਤਿਆ ਜਾਂਦਾ ਸੀ; ਹੁਣ ਇਸ ਦਰਵਾਜ਼ੇ ਨੂੰ ਇੱਟਾਂ ਨਾਲ ਬੰਦ ਕਰ ਦਿੱਤਾ ਗਿਆ ਹੈ।

ਇਹ ਜਾਇਦਾਦ ਰਿਚਰਡ ਬਲੇਨ ਦੇ ਕਾਰਜ ਨੂੰ ਵੀ ਦਿਖਾਉਂਦੀ ਹੈ, ਜੋ ਬਲੇਨਜ਼ ਹਾਰਡਵੇਅਰ ਦਾ ਸੰਸਥਾਪਕ ਸੀ ਅਤੇ ਬਰੈਮਪਟਨ ਅਤੇ ਪੀਲ ਕਾਊਂਟੀ ਵਿੱਚ ਜਨਤਕ ਸੇਵਾ ਨੂੰ ਸਮਰਪਿਤ ਰਾਜਨੇਤਾ ਸੀ। ਬਲੇਨਜ਼ ਹਾਰਡਵੇਅਰ, ਹਾਰਮਜ਼ਵਰਥ ਪੇਂਟ ਐਂਡ ਵਾਲਪੇਪਰ ਦੇ ਨਾਲ ਨਾਲ, ਸ਼ਹਿਰ ਦੇ ਸਭ ਤੋਂ ਪੁਰਾਣੇ ਸਟੋਰਾਂ ਵਿੱਚੋਂ ਇੱਕ ਹੈ। ਇਸਤੋਂ ਇਲਾਵਾ, ਇਹ ਵੀ ਮੰਨਿਆ ਜਾਂਦਾ ਹੈ ਕਿ ਇਹ ਇਮਾਰਤ ਆਰੈਂਜ ਹਾਲ ਅਤੇ ਗੋਲਡਨ ਸਟਾਰ ਲੌਜ ਦਾ ਵੀ ਘਰ ਸੀ।

# 31 ਦਾ ਫੋਰ ਕਾਰਨਰਜ਼

## ਕਵੀਨ ਅਤੇ ਮੇਨ ਸਟਰੀਟਾਂ




ਦਾ ਫੋਰ ਕਾਰਨਰਜ਼



### ਦਿਸ਼ਾ ਨਿਰਦੇਸ਼

ਮੇਨ ਸਟਰੀਟ ਨੂੰ ਪਾਰ ਕਰੋ ਅਤੇ ਕਵੀਨ ਸਟਰੀਟ ’ਤੇ ਪੂਰਬ ਵੱਲ ਚੱਲੋ। ਤੁਹਾਡੇ ਖੱਬੇ ਪਾਸੇ ਪਹਿਲੀ ਇਮਾਰਤ ਡੋਮੀਨੀਅਨ ਬਿਲਡਿੰਗ ਹੈ।

ਪੁਰਾਣੇ ਬਰੈਮਪਟ ਦਾ ਸ਼ਹਿਰੀ, ਧਾਰਮਿਕ ਅਤੇ ਵਪਾਰਕ ਦਿਲ ਇਸ ਚੌਂਕ ਵਿੱਚੋਂ ਫੁੱਟ-ਫੁੱਟ ਪੈਂਦਾ ਹੈ।

1830ਵਿਆਂ ਵਿੱਚ, ਏਥੇ ਇੱਕ ਕਰਾਸਰੋਡਜ਼ ਹੈਮਲੈੱਟ ਦੀ ਸ਼ੁਰੂਆਤ ਹੋਈ ਸੀ। ਕਵੀਨ ਅਤੇ ਮੇਨ ਸਟਰੀਟਾਂ ਦੇ ਉੱਤਰ-ਪੂਰਬੀ ਕੋਨੇ ’ਤੇ ਸਥਿਤ ਵਿਲੀਅਮ ਬੱਫੀਜ਼ ਟੇਵਰਨ ਦੇ ਨਾਮ ’ਤੇ ਇਸਨੂੰ “ਬੱਫੀਜ਼ ਕਾਰਨਰਜ਼” ਵਜੋਂ ਜਾਣਿਆ ਜਾਂਦਾ ਸੀ।




ਜੌਹਨ ਈਲੀਅਟ ਨੇ ਇੱਕ ਪਿੰਡ ਦਾ ਮੁੱਢ ਬੰਨ੍ਹਿਆਂ ਅਤੇ 1834 ਵਿੱਚ ਪਲਾਟ ਵੇਚਣੇ ਸ਼ੁਰੂ ਕੀਤੇ। 1850 ਅਤੇ 1884 ਵਿਚਕਾਰ, ਈਲੀਅਟ, ਨੇ ਹੋਰਨਾਂ ਜ਼ਮੀਨ ਮਾਲਕਾਂ ਜਿਵੇਂ ਕਿ ਜੌਹਨ ਸਕਾਟ, ਜੌਰਜ ਰਾਈਟ ਅਤੇ ਵਿਲੀਅਮ ਵਿਲਕਿਨਸਨ ਦੇ ਨਾਲ ਮਿਲਕੇ, ਕਸਬੇ ਵਿੱਚ ਇਸ ਕੇਂਦਰੀ ਬਿੰਦੂ ਦੇ ਨੇੜੇ ਉਪ-ਮੰਡਲ ਦੀਆਂ ਯੋਜਨਾਵਾਂ ਉਲੀਕੀਆਂ, ਜਿਸਦੇ ਨਾਲ ਹੌਲੀ ਹੌਲੀ ਬਰੈਮਪਟਨ ਦੇ ਸ਼ਹਿਰੀਕਰਨ ਦੀ ਸ਼ੁਰੂਆਤ ਹੋਈ।



ਹੈਗਰਟ ਫਾਊਂਡਰੀ ਅਤੇ ਡੇਲ ਇਸਟੇਟ ਨਰਸਰੀਆਂ ਦੀ ਸਥਾਪਨਾ, ਅਤੇ ਇਸਦੇ ਨਾਲ ਨਾਲ 19ਵੀਂ ਸਦੀ ਦੇ ਮੱਧ ਵਿੱਚ ਗਰੈਂਡ ਟਰੰਕ ਰੇਲਵੇ ਦੇ ਆਗਾਜ਼ ਨੇ ਬਰੈਮਪਟਨ ਦੇ ਆਰਥਿਕ ਵਿਕਾਸ ਅਤੇ ਪ੍ਰਸਿੱਧੀ ਵਿੱਚ ਯੋਗਦਾਨ ਪਾਇਆ। 1867 ਵਿੱਚ, ਬਰੈਮਪਟਨ ਨੂੰ ਕਾਊਂਟੀ ਸੀਟ ਵਜੋਂ ਚੁਣਿਆ ਗਿਆ ਸੀ ਅਤੇ ਇਸਦੇ ਜਲਦੀ ਬਾਅਦ, ਵੱਡੀਆਂ ਸ਼ਹਿਰੀ ਇਮਾਰਤਾਂ ਅਤੇ ਉੱਘੇ ਘਰਾਂ ਦਾ ਨਿਰਮਾਣ ਕੀਤਾ ਗਿਆ।

# 32 ਡੋਮੀਨੀਅਮ ਬਿਲਡਿੰਗ (1889)

## 8 ਕਵੀਨ ਸਟਰੀਟ ਪੂਰਬੀ



### ਦਿਸ਼ਾ ਨਿਰਦੇਸ਼

ਮੇਨ ਸਟਰੀਟ ਵੱਲ ਵਾਪਸ ਆਓ ਅਤੇ ਫੇਰ ਕਵੀਨ ਸਟਰੀਟ ਨੂੰ ਪਾਰ ਕਰਦੇ ਹੋਏ ਖੱਬੇ ਪਾਸੇ ਮੁੜ ਜਾਓ। ਮੇਨ ਸਟਰੀਟ 'ਤੇ ਦੱਖਣ ਵੱਲ ਚੱਲੋ ਅਤੇ ਤੁਸੀਂ ਛੇਤੀ ਹੀ ਆਪਣੇ ਖੱਬੇ ਪਾਸੇ ਨੰਬਰ 8 'ਤੇ ਪਹੁੰਚ ਜਾਵੋਂਗੇ।

ਡੋਮੀਨੀਅਨ ਬਿਲਡਿੰਗ ਬਰੈਮਪਟਨ ਦੇ ਸਭ ਤੋਂ ਵੱਧ ਉੱਘੇ ਡਾਊਨਟਾਊਨ ਭੂ-ਦ੍ਰਿਸ਼ਾਂ ਵਿੱਚੋਂ ਇੱਕ ਹੈ। ਇਸਨੂੰ ਥਾਮਸ ਫੁੱਲਰ ਦੁਆਰਾ ਡਿਜ਼ਾਈਨ ਕੀਤਾ ਗਿਆ ਸੀ, ਜੋ ਸੰਘੀ ਡਿਪਾਰਟਮੈਂਟ ਆਫ ਪਬਲਿਕ ਵਰਕਸ ਦਾ ਚੀਫ ਆਰਕੀਟੈਕਟ ਸੀ। 1860ਵਿਆਂ ਵਿੱਚ, ਫੁੱਲਰ ਨੇ ਓਟਾਵਾ ਵਿੱਚ ਪਾਰਲੀਮੈਂਟ ਹਿੱਲ 'ਤੇ ਸ਼ੁਰੂਆਤੀ ਸੈਂਟਰ ਬਲਾਕ ਦੇ ਡਿਜ਼ਾਈਨ ਅਤੇ ਉਸਾਰੀ ਦੀ ਨਿਗਰਾਨੀ ਕੀਤੀ।



ਡੋਮੀਨੀਅਨ ਬਿਲਡਿੰਗ ਨੂੰ ਬਰੈਮਪਟਨ ਦੇ ਡਾਕਘਰ ਅਤੇ ਕਸਟਮਜ਼ ਹਾਊਸ ਨੂੰ ਜਗਹ ਦੇਣ ਲਈ ਬਣਾਇਆ ਗਿਆ ਸੀ। ਸਟਰੀਟ ਫਸਾਡ ਨੂੰ ਭਾਰੀ ਬਣਤਰ ਵਾਲੇ ਪੱਥਰ ਨਾਲ ਉਸਾਰਿਆ ਗਿਆ ਸੀ, ਜੋ ਇੱਕ ਅਜਿਹੀ ਖੂਬੀ ਹੈ ਜੋ ਭਵਨ-ਨਿਰਮਾਣ ਦੀ ਇੱਕ ਅਜਿਹੀ ਸ਼ੈਲੀ ਨਾਲ ਸਬੰਧਿਤ ਹੈ ਜਿਸਨੂੰ ਰੋਮਨਇਸਕੀ ਰੀਵਾਈਵਲ ਵਜੋਂ ਜਾਣਿਆ ਜਾਂਦਾ ਹੈ। ਪਿਛਲੇ ਪਾਸੇ ਇੱਟਾਂ ਤੋਂ ਬਣੀ ਵਧੀਕ ਉਸਾਰੀ ਨੇ ਵੇਟਸ ਐਂਡ ਮੈਜਰਜ਼ (Weights and Measures) ਅਤੇ ਇਗਜ਼ਾਮੀਨਿੰਗ ਵੇਅਰਹਾਊਸ (Examining Warehouse) ਵਜੋਂ ਸੇਵਾ ਨਿਭਾਈ। ਸ਼ੁਰੂ ਵਿੱਚ, ਇੱਕ ਦੇਖ-ਭਾਲ ਕਰਤਾ ਦਾ ਅਪਾਰਟਮੈਂਟ ਸਭ ਤੋਂ ਉੱਪਰਲੀ ਮੰਜਿਲ ਵਿੱਚ ਹੁੰਦਾ ਸੀ। ਤੀਜੀ ਮੰਜਿਲ ਦੀਆਂ ਖਿੜਕੀਆਂ ਦੇ ਠੀਕ ਉੱਪਰ ਤੁਸੀਂ ਪੱਥਰ ਵਿੱਚ ਖੁਦੇ ਹੋਏ ਰੌਇਲ ਆਰਮਜ਼ (Royal Arms) ਨੂੰ ਦੇਖ ਸਕਦੇ ਹੋ। ਗੁੰਬਦਨੁਮਾ ਘੰਟਾ ਘਰ ਨੂੰ 1914 ਵਿੱਚ ਸ਼ਾਮਲ ਕੀਤਾ ਗਿਆ ਸੀ, ਅਤੇ ਬਾਅਦ ਦੇ ਸਾਲਾਂ ਵਿੱਚ ਪੁਲਿਸ ਵਿਭਾਗ ਨੇ ਇਸ ਇਮਾਰਤ ਵਿੱਚ ਕਾਰਜ ਚਲਾਇਆ।



ਕਵੀਨ ਸਟਰੀਟ ਈਸਟ ਦਾ ਸਟਰੀਟ-ਦ੍ਰਿਸ਼

# 33 ਹੈਗੀ ਬਲਾੱਕ (ਲਗਭਗ 1860)

## 8 ਮੇਨ ਸਟਰੀਟ ਦੱਖਣੀ



### ਦਿਸ਼ਾ ਨਿਰਦੇਸ਼

ਮੇਨ ਸਟਰੀਟ 'ਤੇ ਦੱਖਣ ਵੱਲ ਥੋੜ੍ਹੀ ਜਿਹੀ ਦੂਰੀ ਤੱਕ ਪੈਦਲ ਚੱਲਣਾ ਜਾਰੀ ਰੱਖੋ।

ਇਹ ਆਕਰਸ਼ਕ ਬਾਦਾਮੀ ਇੱਟਾਂ ਵਾਲੀ ਇਮਾਰਤ ਲਗਭਗ 1860 ਵਿੱਚ ਫਰੈਂਚ ਸੈਕੰਡ ਇਮਪਾਇਰ ਸ਼ੈਲੀ ਵਿੱਚ ਬਣਾਈ ਗਈ ਸੀ। ਇਸਦੀ ਵਿਲੱਖਣਤਾ ਇਸਦੇ ਬੈੱਲ ਕਾਸਟ ਆਕਾਰ ਦੀ ਮਾਨਸਰਡ ਛੱਤ ਅਤੇ ਕਮਾਨੀਦਾਰ ਖਿੜਕੀਆਂ ਵਿੱਚ ਹੈ। 1897 ਵਿੱਚ, ਇਸ ਇਮਾਰਤ ਨੂੰ ਡਾਕਟਰ ਡੇਵਿਡ ਹੈਗੀ ਨੂੰ ਵੇਚ ਦਿੱਤਾ ਗਿਆ ਸੀ, ਜਿਸਨੇ ਇਮਾਰਤ ਨੂੰ ਆਪਣੇ ਦਫਤਰ ਅਤੇ ਰਿਹਾਇਸ਼ ਵਜੋਂ ਵਰਤਿਆ। ਡਾਕਟਰ ਹੈਗੀ ਕਾਉਂਟੀ ਜੇਲ੍ਹ ਵਾਸਤੇ ਇੱਕ ਸਥਾਨਕ ਕੋਰੋਨਰ ਅਤੇ ਡਾਕਟਰ ਸੀ। ਇਹ ਕਿਹਾ ਗਿਆ ਹੈ ਕਿ ਇਲਾਜ ਦੀ ਉਡੀਕ ਕਰ ਰਹੇ ਕੈਦੀਆਂ ਨੂੰ ਰੱਖਣ ਲਈ ਬੇਸਮੈਂਟ ਵਿੱਚ ਲੋਹੇ ਦੀਆਂ ਛੜਾਂ ਨਾਲ ਇੱਕ ਹਿਰਾਸਤੀ ਸੈੱਲ ਬਣਾਇਆ ਗਿਆ ਸੀ। ਬਰੈਮਪਟਨ ਮਿਊਂਸੀਪਲ ਦਫਤਰਾਂ ਨੂੰ ਇਸ ਇਮਾਰਤ ਵਿੱਚ ਲਗਭਗ 1911 ਵਿੱਚ ਤਬਦੀਲ ਕੀਤਾ ਗਿਆ ਸੀ ਅਤੇ ਇਹ 1965 ਤੱਕ ਏਥੇ ਰਹੇ।




### ਭਵਨ-ਨਿਰਮਾਣ ਸ਼ਬਦਾਵਲੀ

**ਕੀਸਟੋਨ ਅਤੇ ਵੂਸਵਾਰਜ਼** – ਇੱਕ ਵੂਸਵਾਰ ਇੱਕ ਫਾਨੇ-ਵਰਗੀ ਇੱਟ ਜਾਂ ਪੱਥਰ ਹੁੰਦਾ ਹੈ ਜਿਸਨੂੰ ਕਿਸੇ ਡਾਟ ਦਾ ਨਿਰਮਾਣ ਕਰਨ ਲਈ ਵਰਤਿਆ ਜਾਂਦਾ ਹੈ। ਇੱਕ ਕੀਸਟੋਨ ਕੇਂਦਰੀ ਅਤੇ ਸਭ ਤੋਂ ਵੱਧ ਮਹੱਤਵਪੂਰਨ ਵੂਸਵਾਰ ਹੁੰਦਾ ਹੈ, ਅਤੇ ਅਕਸਰ ਇੱਕ ਵੱਡਾ ਕੀਤਾ, ਸਜਾਵਟ ਕੀਤਾ ਹੁੰਦਾ ਹੈ ਅਤੇ, ਸਜਾਵਟੀ ਮਾਮਲਿਆਂ ਵਿੱਚ, ਇਹ ਲਾਗੇ-ਚਾਗੇ ਦੇ ਵੂਸਵਾਰਾਂ ਤੋਂ ਬਿਨਾਂ ਵੀ ਹੋਂਦ ਰੱਖ ਸਕਦਾ ਹੈ।



# 34 ਹਾਰਮਸਵਰਥ (ਲਗਭਗ 1890)

## 24 ਮੇਨ ਸਟਰੀਟ ਦੱਖਣੀ




### ਦਿਸ਼ਾ ਨਿਰਦੇਸ਼

ਜੌਹਨ ਸਟਰੀਟ ਨੂੰ ਪਾਰ ਕਰੋ ਅਤੇ ਤੁਸੀਂ ਸੈਂਟ ਪਾਉਲ ਦੀ ਯੂਨਾਈਟਡ ਚਰਚ ਵਿਖੇ ਪਹੁੰਚ ਜਾਵੋਂਗੇ।



ਹਾਰਮਜ਼ਵਰਥ ਪੇਂਟ ਐਂਡ ਵਾਲਪੇਪਰ, ਲਗਭਗ 1920

ਇਹ 19ਵੀਂ ਸਦੀ ਦੇ ਅਖੀਰ ਵਿੱਚ ਬਣੀ ਇਮਾਰਤ, ਹਾਰਮਜ਼ਵਰਥ ਪਰਿਵਾਰ ਦੇ ਸਜਾਵਟ ਕਰਨ ਦੇ ਕਾਰੋਬਾਰ ਦਾ ਇੱਕ ਸਦੀ ਤੋਂ ਵਧੇਰੇ ਸਮੇਂ ਤੋਂ ਘਰ ਬਣੀ ਰਹੀ ਹੈ। ਕਵੀਨ ਸਟਰੀਟ ਪੱਛਮੀ 'ਤੇ ਉਹਨਾਂ ਦੇ ਇਸਤੋਂ ਪਹਿਲਾਂ ਦੇ ਟਿਕਾਣੇ ਨੂੰ ਅੱਗ ਵੱਲੋਂ ਨਸ਼ਟ ਕਰ ਦਿੱਤੇ ਜਾਣ ਦੇ ਬਾਅਦ, ਪਰਿਵਾਰ ਨੇ 1904 ਵਿੱਚ ਇਸ ਇਮਾਰਤ ਨੂੰ ਖਰੀਦਿਆ ਸੀ। ਹਾਲਾਂਕਿ ਇਮਾਰਤ ਆਪਣੇ ਮੌਲਿਕ ਚਰਿੱਤਰ ਦੇ ਬਹੁਤ ਸਾਰੇ ਭਾਗ ਨੂੰ ਅਜੇ ਵੀ ਸਾਂਭਕੇ ਰੱਖੇ ਹੋਏ ਹੈ, ਪਰ ਮੂਲ ਲਾਲ ਇੱਟਾਂ ਦੇ ਬਾਹਰੀ ਕਾਰਜ ਦੀ ਥਾਂ 1954 ਵਿੱਚ ਵਰਤਮਾਨ ਸਟੱਕੋ ਕਲੈਡਿੰਗ ਨੇ ਲੈ ਲਈ ਸੀ। ਖਿੜਕੀਆਂ ਵਿੱਚੋਂ ਹਰੇਕ ਦੇ ਉੱਪਰਲੇ ਮੂਲ ਵੂਸਵਾਰ ਸਟੱਕੋ ਦੇ ਪਿੱਛੇ ਛੁਪੇ ਹੋਏ ਹਨ, ਸਿਵਾਏ ਕੀਸਟੋਨਾਂ ਦੇ, ਜੋ ਨਵੇਂ ਫਸਾਡ ਵਿੱਚ ਲਗਾਏ ਗਏ ਹਨ।

35

# ਸੇਂਟ ਪਾਉਲਜ਼ ਯੂਨਾਈਟਡ ਚਰਚ (ਲਗਭਗ 1885)

## 30 ਮੇਨ ਸਟਰੀਟ ਦੱਖਣੀ




### ਦਿਸ਼ਾ ਨਿਰਦੇਸ਼

ਸੇਂਟ ਪਾਉਲਜ਼ ਯੂਨਾਈਟਡ ਚਰਚ ਦੇ ਬਿੱਲਕੁੱਲ ਨਾਲ ਵਾਲੀ ਇਮਾਰਤ ਬੋਇਲ ਹਾਊਸ ਹੈ।

2009 ਵਿੱਚ ਸੇਂਟ ਪਾਉਲਜ਼ ਦੀ 180ਵੀਂ ਵਰ੍ਹੇਗੰਢ ਮਨਾਈ ਗਈ ਸੀ।



ਸੇਂਟ ਪਾਉਲਜ਼ ਬਰੈਮਪਟਨ ਵਿੱਚ ਦੂਜੀ ਪ੍ਰੀਮਿਟਿਵ ਮੈਥੋਡਿਸਟ ਚਰਚ ਸੀ। ਇਹ ਇੱਕ ਬਹੁਤ ਵੱਡਾ ਢਾਂਚਾ ਹੈ ਜਿਸਦਾ ਚੇਹਰਾ-ਮੋਹਰਾ ਕਰੈਡਿਟ ਵਾਲੀ ਬਰਾਊਨਸਟੋਸ ਦੇ ਨਾਲ ਬਣਾਇਆ ਗਿਆ ਹੈ। ਵਿਲੀਅਮ ਜੇ ਗੇਜ਼ ਨੇ 9 ਜੂਨ, 1885 ਨੂੰ ਨੀਂਹ-ਪੱਥਰ ਰੱਖਿਆ ਸੀ। ਚਰਚ ਨੂੰ ਟੋਰੰਟੋ ਦੇ ਭਵਨ-ਨਿਰਮਾਤਾ ਡਬਲਿਊ.ਜੇ. ਮੈਲਰੀ ਵੱਲੋਂ ਡਿਜ਼ਾਈਨ ਕੀਤਾ ਗਿਆ ਸੀ। ਛੱਤ ਬਹੁ-ਰੰਗੀ ਸਲੇਟ ਤੋਂ ਬਣੀ ਹੋਈ ਹੈ, ਵੱਡੀਆਂ ਸਟੇਨਡ ਗਲਾਸ ਖਿੜਕੀਆਂ ਇਮਾਰਤ ਦੇ ਉੱਤਰੀ, ਦੱਖਣੀ ਅਤੇ ਪੱਛਮੀ ਸਿਰਿਆਂ 'ਤੇ ਵਧੀਆ ਸਜਾਵਟੀ ਵੰਨਗੀ ਨੂੰ ਪ੍ਰਦਰਸ਼ਿਤ ਕਰਦੀਆਂ ਹਨ। ਚਰਚ ਦੇ ਪਾਈਪ ਆਰਗਨ ਨੂੰ ਕੈਸਾਵੈਂਟ ਫਰੇਰਜ਼ ਆਰਗਨ ਕੰਪਨੀ ਆਫ ਸੇਂਟ ਹਯਾਸਿੰਥ, ਕਵੀਬੈੱਕ ਵੱਲੋਂ ਬਣਾਇਆ ਗਿਆ ਸੀ, ਜੋ ਉੱਤਰੀ ਅਮਰੀਕਾ ਦੇ ਸਭ ਤੋਂ ਵੱਧ ਉੱਘੇ ਪਾਈਪ ਆਰਗਨ ਨਿਰਮਾਤਾ ਸਨ। ਇਮਾਰਤ ਮੈਥੋਡਿਸਟਾਂ ਦਾ ਘਰ ਬਣ ਗਈ ਜਦ ਉਹ 1925 ਵਿੱਚ ਯੂਨਾਈਟਡ ਚਰਚ ਆਫ ਕੈਨੇਡਾ ਵਿੱਚ ਸ਼ਾਮਲ ਹੋ ਗਏ।

# 36 ਬੌਇਲ ਹਾਊਸ (ਲਗਭਗ 1860)

## 44 ਮੇਨ ਸਟਰੀਟ ਦੱਖਣੀ




### ਦਿਸ਼ਾ ਨਿਰਦੇਸ਼

ਮੇਨ ਸਟਰੀਟ ਤੋਂ ਵੈਲਿੰਗਟਨ ਸਟਰੀਟ ਵੱਲ ਥੋੜ੍ਹੀ ਜਿਹੀ ਦੂਰੀ ਤੱਕ ਹੋਰ ਚੱਲੋ। ਮੇਨ ਸਟਰੀਟ ਨੂੰ ਪਾਰ ਕਰ ਜਾਓ ਅਤੇ ਤੁਸੀਂ ਕੇਨ ਵਿਲਅੰਸ ਸਕੁਏਅਰ ’ਤੇ ਹੋਵੋਂਗੇ ਜਿੱਥੋਂ ਸੈਨੋਟੈਫ ਸਿੱਧਾ ਤੁਹਾਡੇ ਸਾਹਮਣੇ ਹੋਵੇਗਾ।

ਬੌਇਲਜ਼ ਬਰੈਮਪਟਨ ਦੇ ਸਭ ਤੋਂ ਲੰਬੇ ਚਿਰ ਤੋਂ ਸਥਾਪਤ ਪਰਿਵਾਰਾਂ ਵਿੱਚੋਂ ਇੱਕ ਸਨ ਅਤੇ ਉਹਨਾਂ ਨੇ ਮੇਨ ਸਟਰੀਟ ਉੱਤਰੀ ’ਤੇ ਬੌਇਲਜ਼ ਡਰੱਗ ਸਟੋਰ ਅਤੇ ਮੇਨ ਸਟਰੀਟ ਦੱਖਣੀ ’ਤੇ ਬੌਇਲਜ਼ ਬੁੱਕ ਸਟੋਰ ਦੇ ਆਪਣੇ ਕਾਰਜ ਰਾਹੀਂ ਬਰੈਮਪਟਨ ਦੇ ਵਪਾਰ ਵਿੱਚ ਉੱਘੀ ਭੂਮਿਕਾ ਨਿਭਾਈ। ਬੌਇਲ ਪਰਿਵਾਰ ਦੇ ਮੈਂਬਰ ਸੇਂਟ ਪਾਉਲਜ਼ ਯੂਨਾਈਟਡ ਚਰਚ ਦੀ ਸੰਗਤ ਵਿੱਚ ਵਿਸ਼ੇਸ਼ ਕਰਕੇ ਸਰਗਰਮ ਹੁੰਦੇ ਸਨ। ਰਾਬਰਟ ਬੌਇਲ 1885 ਤੋਂ ਲੈਕੇ 1860 ਤੱਕ ਚਰਚ ਦਾ ਮਿਨਿਸਟਰ ਸੀ ਅਤੇ ਦੁਬਾਰਾ ਫੇਰ 1867 ਤੋਂ ਲੈਕੇ 1869 ਤੱਕ। ਜਦ ਨਾਲ ਲੱਗਦੀ ਸੇਂਟ ਪਾਉਲਜ਼ ਚਰਚ 1885 ਵਿੱਚ ਖੁੱਲ੍ਹੀ ਤਾਂ ਉਸਨੇ ਸ਼ੁਰੂਆਤੀ ਸਮਾਗਮ ਦੀ ਪ੍ਰਧਾਨਗੀ ਕੀਤੀ ਸੀ।

ਇਹ ਮਕਾਨ ਸੈਕੰਡ ਇਮਪਾਇਰ ਭਵਨ-ਨਿਰਮਾਣ ਸ਼ੈਲੀਆਂ ਤੋਂ ਪ੍ਰਭਾਵਿਤ ਹੈ, ਜਿਵੇਂ ਕਿ ਮਾਨਸਰਡ ਛੱਤ ਤੋਂ ਦੇਖਿਆ ਜਾ ਸਕਦਾ ਹੈ। ਦੋ ਉੱਘੀਆਂ ਭੂ-ਦ੍ਰਿਸ਼ੀ ਚਰਚਾਂ ਦੇ ਵਿਚਕਾਰ ਸਥਿਤ, ਬੌਇਲ ਹਾਊਸ ਬਰੈਮਪਟਨ ਵਿੱਚ ਸਭ ਤੋਂ ਵੱਧ ਆਕਰਸ਼ਕ ਅਤੇ ਪ੍ਰਤੱਖ ਸੱਭਿਆਚਾਰਕ ਸਟਰੀਟ-ਦ੍ਰਿਸ਼ਾਂ ਵਿੱਚ ਯੋਗਦਾਨ ਪਾਉਂਦਾ ਹੈ।



37
38
39
40

# ਸਿਟੀ ਹਾਲ – ਕੇਨ ਵਿਲਅੰਸ ਸਕੁਏਅਰ, ਸੈਨੋਟੈਫ, ਹੈਗਰਟ ਪਲੇਕ ਅਤੇ ਆਰਟਵਰਕ (ਟੂ ਵਿਜਨਜ਼, ਯੰਗ ਕੈਨੇਡਾ ਐਂਡ ਰੀਫਲੈਕਸ਼ਨਜ਼)

## 2 ਵਲਿੰਘਟਨ ਸਟਰੀਟ ਪੱਛਮੀ



## ਦਿਸ਼ਾ ਨਿਰਦੇਸ਼

ਵੈਲਿੰਗਟਨ ਸਟੀਰਟ ਵੱਲ ਵਾਪਸ ਆਓ ਅਤੇ ਸਟਾਪ-ਲਾਈਟ 'ਤੇ ਜੌਰਜ ਸਟਰੀਟ ਨੂੰ ਪਾਰ ਕਰਦੇ ਹੋਏ ਸੱਜੇ ਪਾਸੇ ਮੁੜ ਜਾਓ। ਪਾਰਕ ਰੌਇਲ ਅਪਾਰਟਮੈਂਟਸ ਤੁਹਾਡੇ ਸੱਜੇ ਪਾਸੇ ਹਨ।



ਸਿਟੀ ਹਾਲ ਨੂੰ 15 ਜੂਨ, 1991 ਨੂੰ ਖੋਲ੍ਹਿਆ ਗਿਆ ਸੀ। ਸਥਾਨਕ ਆਰਕੀਟੈਕਟ ਬੌਬ ਪੋਸਲਿਫ ਵੱਲੋਂ ਡਿਜ਼ਾਈਨ ਕੀਤੇ ਅਤੇ ਇਨਜ਼ੋਲਾ ਕੰਸਟਰੱਕਸ਼ਨ ਵੱਲੋਂ ਬਣਾਏ ਸਕੁਏਅਰ ਵਿੱਚ ਭੂ-ਦ੍ਰਿਸ਼ ਸਬੰਧੀ ਅਤੇ ਪਾਣੀ ਦੇ ਅੰਸ਼ ਈਟੋਬੀਕੋਕ ਦਰਿਆ ਦੀ ਯਾਦ ਤਾਜ਼ਾ ਕਰਦੇ ਹਨ, ਜੋ ਸ਼ੁਰੂ ਵਿੱਚ ਇਸ ਸਥਾਨ ਵਿੱਚੋਂ ਦੀ ਮੇਨ ਸਟਰੀਟ ਦੇ ਨਾਲ ਨਾਲ ਅਤੇ ਕੋਰਟ ਹਾਊਸ ਦੇ ਸਾਹਮਣਿਓਂ ਵਗਦਾ ਹੁੰਦਾ ਸੀ।

ਗਰੇਨਾਈਟ ਸੈਨੋਟੈਫ ਉਹਨਾਂ ਨੂੰ ਮਾਣ ਦਿੰਦਾ ਹੈ ਜਿੰਨ੍ਹਾਂ ਨੇ ਪਹਿਲੇ ਅਤੇ ਦੂਜੇ ਵਿਸ਼ਵ ਯੁੱਧਾਂ, ਅਤੇ ਕੋਰੀਅਨ ਯੁੱਧ ਵਿੱਚ ਸੇਵਾ ਨਿਭਾਈ ਅਤੇ ਮਾਰੇ ਗਏ। ਮਕੈਨਜ਼ੀ ਵਾਟਰਜ਼, ਜੋ ਇੱਕ ਟੋਰਂਟੋ ਭਵਨ-ਨਿਰਮਾਤਾ ਸੀ, ਉਸਨੇ 1920ਵਿਆਂ ਦੇ ਅਖੀਰ ਵਿੱਚ ਇਸ ਸਮਾਰਕ ਨੂੰ ਡਿਜ਼ਾਈਨ ਕੀਤਾ ਸੀ। 1931 ਵਿੱਚ, ਵਾਟਰਜ਼ ਟੋਰਂਟੋ ਵਿੱਚ ਮੇਪਲ ਲੀਫ ਗਾਰਡਨਜ਼ ਦੇ ਡਿਜ਼ਾਈਨ ਵਾਸਤੇ ਸਹਿਯੋਗੀ ਭਵਨ-ਨਿਰਮਾਤਾ ਸੀ। ਸੈਨੋਟੈਫ ਦੀ ਘੁੰਡ-ਚੁਕਾਈ 4 ਜੁਲਾਈ, 1928 ਨੂੰ ਕੈਨੇਡਾ ਦੇ ਗਵਰਨਰ ਜਨਰਲ ਲਾਰਡ ਵਿਲਿੰਗਡਨ ਦੁਆਰਾ ਕੀਤੀ ਗਈ ਸੀ।



ਸਿਟੀ ਹਾਲ ਤੋਂ ਪਹਿਲਾਂ



ਅਰਨੈਸਟ ਹਰਜ਼ਿਗ ਦੁਆਰਾ “ਟੂ ਵਿਜਨਜ਼”



ਮੇਰੀ ਈਲੈਨ ਫੈਰੋ ਦੁਆਰਾ “ਰੀਫਲੈਕਸ਼ਨਜ਼”



ਮੈਨਫਰੇਡ ਦੁਆਰਾ “ਯੰਗ ਕੈਨੇਡਾ”

ਹੈਗਰਟ ਪਲੇਕ, ਜੋ ਕੇਨ ਵਿਲਅੰਸ ਸਕੁਏਅਰ ਦੇ ਸਾਹਮਣੇ ਵਾਲੀ ਰੋਜ਼ ਗਾਰਡਨ ਦੀ ਦੀਵਾਰ ਵਿੱਚ ਸਥਿਤ ਹੈ, ਬਰੈਮਪਟਨ ਦੇ ਵਿਕਾਸ ਵਿੱਚ ਹੈਗਰਟ ਫਾਊਂਡਰੀ ਦੀ ਭੂਮਿਕਾ ਨੂੰ ਸਵੀਕਾਰਦੀ ਹੈ। ਹੈਗਰਟ ਫੈਕਟਰੀ ਨੈਲਸਨ ਸਟਰੀਟ ਅਤੇ ਮੇਨ ਸਟਰੀਟ ਉੱਤਰੀ ਦੇ ਕੋਨੇ ’ਤੇ ਸਥਿਤ ਸੀ।

ਇਸ ਸਥਾਨ ਦੇ ਬਾਕੀ ਬਚੇ ਭਾਗ ਵਿੱਚ ਟੂ ਵਿਜਨਜ਼, ਯੰਗ ਕੈਨੇਡਾ, ਅਤੇ ਰੀਫਲੈਕਸ਼ਨਜ਼ ਸਿਰਲੇਖ ਵਾਲੇ ਕਲਾ-ਕਾਰਜ ਹਨ।

# 41 ਪਾਰਕ ਰੌਇਲ ਅਪਾਰਟਮੈਂਟਸ (1939)

## 8 ਵਲਿੰਘਟਨ ਸਟਰੀਟ ਪੱਛਮੀ



ਪਾਰਕ ਰੌਇਲ ਅਪਾਰਟਮੈਂਟਸ ਬਰੈਮਪਟਨ ਵਿੱਚ ਬਣਾਈ ਗਈ ਪਹਿਲੀ ਅਪਾਰਟਮੈਂਟ ਇਮਾਰਤ ਸੀ। ਇਹ 1939 ਵਿੱਚ ਡਾਕਟਰ ਰਾਬਰਟ ਜੇਮਜ਼ ਹਿਸਕੌਕਸ ਦੁਆਰਾ ਬਣਾਈ ਗਈ ਸੀ, ਜੋ ਪੀਲ ਗੈਜ਼ਟ ਦਾ ਮਾਲਕ ਅਤੇ ਪ੍ਰਕਾਸ਼ਕ ਸੀ।

ਪਾਰਕ ਰੌਇਲ ਧਾਰਾ-ਪ੍ਰਵਾਹਿਤ ਆਰਟ ਮਾਡਰਨੇ ਸ਼ੈਲੀ ਦੀ ਇੱਕ ਦੁਰਲੱਭ ਉਦਾਹਰਨ ਹੈ, ਜੋ 1920ਵਿਆਂ ਅਤੇ 1930ਵਿਆਂ ਵਿੱਚ ਪ੍ਰਸਿੱਧ ਆਰਟ ਡੈਕੋ ਸ਼ੈਲੀ ਤੋਂ ਨਿਕਲਣ ਵਾਲੀ ਇੱਕ ਵੱਡੀ ਭਵਨ-ਨਿਰਮਾਣ ਸਬੰਧਿਤ ਲਹਿਰ ਸੀ। ਸ਼ੈਲੀ ਅਤੇ ਕਿਸਮ ਦੀਆਂ ਮਦਾਂ ਵਿੱਚ, ਇਹ ਲਾਜ਼ਮੀ ਤੌਰ ’ਤੇ ਬਰੈਮਪਟਨ ਵਿੱਚ ਆਪਣੀ ਕਿਸਮ ਦੀ ਇੱਕੋ ਇੱਕ ਹੈ। ਭਵਨ-ਨਿਰਮਾਤਾ, ਰਾਬਰਟ ਡਬਲਿਊ. ਹਾਲ ਨੇ ਇਹ ਯਕੀਨੀ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਕਿ ਇਹ ਇਮਾਰਤ “ਰਿਵਾਜ਼ ਵਿੱਚ” ਅਤੇ ਪੂਰੀ ਤਰ੍ਹਾਂ ਆਧੁਨਿਕ ਹੋਵੇ।

ਹੁਣ ਤੁਸੀਂ ਟੂਰ ਨੂੰ ਪੂਰਾ ਕਰ ਲਿਆ ਹੈ....
ਅਸੀਂ ਉਮੀਦ ਕਰਦੇ ਹਾਂ ਕਿ ਤੁਸੀ ਸਾਡੇ ਮਹਾਨ ਸ਼ਹਿਰ ਵਿੱਚ ਠਹਿਰੋਂਗੇ
ਅਤੇ ਉਹਨਾਂ ਹੋਰ ਚੀਜ਼ਾਂ ਦੀ ਖੋਜ ਕਰੋਂਗੇ ਜੋ ਇਸ ਕੋਲ ਪੇਸ਼ਕਸ਼ ਕਰਨ
ਵਾਸਤੇ ਮੌਜੂਦ ਹਨ।

# ਸਟਾਈਲ ਗਾਈਡ

## ਜਾਰਜੀਅਨ

ਇਹ ਭਵਨ ਨਿਰਮਾਣ ਸ਼ੈਲੀ ਮੁੱਖ ਤੌਰ 'ਤੇ ਆਪਣੇ ਅਨੁਪਾਤ ਅਤੇ ਸੰਤੁਲਨ ਕਰਕੇ ਜਾਣੀ ਜਾਂਦੀ ਹੈ। ਇਹ ਸ਼ੈਲੀ ਸਰਲ ਗਣਿਤਕੀ ਅਨੁਪਾਤਾਂ, ਸਮਤੁਲਨਾ ਅਤੇ ਕਲਾਸੀਕਲ ਨਿਯਮਾਂ ਦੀ ਪਾਲਣਾ 'ਤੇ ਭਰੋਸਾ ਕਰਦੀ ਹੈ।



## ਗੋਥਿਕ ਰੀਵਾਈਵਲ

ਗੋਥਿਕ ਰੀਵਾਈਵਲ ਸ਼ੈਲੀ 1830 ਤੋਂ 1890 ਤੱਕ ਮਸ਼ਹੂਰ ਰਹੀ। ਗੋਥਿਕ ਸ਼ੈਲੀ ਓਨਟਾਰੀਓ ਵਿੱਚ ਪ੍ਰਸਿੱਧ ਹੈ। ਕੁਝ ਕੁ ਲੋਕ ਇਹ ਬਹਿਸ ਕਰਨਗੇ ਕਿ ਗੋਥਿਕ ਸ਼ੈਲੀ ਇੰਗਲੈਂਡ ਤੋਂ ਬਾਹਰ ਆਉਣ ਵਾਲੀ ਸਭ ਤੋਂ ਵੱਧ ਅਹਿਮ ਕਲਾਤਮਿਕ ਲਹਿਰ ਸੀ। ਗੋਥਿਕ ਰੀਵਾਈਵਲ ਨੇ ਕਵੀਨ ਐਨੀ ਸਟਾਈਲ ਅਤੇ ਆਰਟਸ ਐਂਡ ਕਰਾਫਟਸ ਮੂਵਮੈਂਟ ਵਰਗੀਆਂ ਭਵਨ-ਨਿਰਮਾਣ ਲਹਿਰਾਂ ਨੂੰ ਜਨਮ ਦਿੱਤਾ।



## ਇਟਾਲੀਆਨੇਟ

ਇਟਾਲੀਆਨੇਟ ਸ਼ੈਲੀ 1860 ਵਿਆਂ ਤੋਂ 1890 ਵਿਆਂ ਤੱਕ ਭਾਰੂ ਰਹੀ, ਅਤੇ 1860 ਵਿਆਂ ਦੌਰਾਨ ਘਰੇਲੂ ਭਵਨ-ਨਿਰਮਾਣ ਵਾਸਤੇ ਓਨਟਾਰੀਓ ਵਿੱਚ ਪ੍ਰਸਿੱਧ ਚੋਣ ਰਹੀ। ਵੱਡੇ ਪਛਾਣ-ਕਾਰਕ ਇਟਾਲੀਆਨੇਟ ਸ਼ੈਲੀ ਨੂੰ ਪਰਿਭਾਸ਼ਿਤ ਨਹੀਂ ਕਰਦੇ, ਨਾ ਹੀ ਇਸਨੂੰ ਠੋਸ ਅਨੁਪਾਤ ਦੁਆਰਾ ਨਿਯਮਿਤ ਕੀਤਾ ਜਾਂਦਾ ਹੈ। ਬਲਿਕ, ਇਹ ਆਪਣੇ ਡਿਜ਼ਾਈਨ ਅੰਸ਼ਾਂ ਕਰਕੇ ਜਾਣੀ ਜਾਂਦੀ ਹੈ, ਜਿੰਨ੍ਹਾਂ ਵਿੱਚ ਸਭ ਤੋਂ ਵੱਧ ਨੋਟ ਕਰਨਯੋਗ ਬੇਹੱਦ ਸਜਾਵਟੀ ਈਵ ਬਰੈਕਟਾਂ ਹਨ।



## ਸੈਕੰਡ ਇਮਪਾਇਰ

ਭਵਨ-ਨਿਰਮਾਣ ਦੀ ਇਹ ਸ਼ੈਲੀ ਵਿਕਟੋਰੀਅਨ ਦੌਰ ਦੌਰਾਨ, 1865 ਤੋਂ 1880 ਵਿਚਕਾਰ ਪ੍ਰਸਿੱਧ ਰਹੀ। ਸੈਕੰਡ ਇਮਪਾਇਰ ਸ਼ੈਲੀ ਆਮ ਤੌਰ 'ਤੇ ਆਇਤਾਕਾਰ ਟਾਵਰ ਦਾ ਸੁਮੇਲ ਮਾਨਸਰਡ ਛੱਤ ਨਾਲ ਕਰਦੀ ਹੈ। ਇਸ ਸ਼ੈਲੀ ਦੀਆਂ ਫਰਾਂਸੀਸੀ ਜੜ੍ਹਾਂ ਦਾ ਸਭ ਤੋਂ ਵੱਧ ਨੋਟ ਕਰਨਯੋਗ ਸਬੂਤ ਇਸਦੀ ਛੱਤ ਹੈ।



## ਕਵੀਨ ਐਨੀ

ਕਵੀਨ ਐਨੀ ਸ਼ੈਲੀ ਵੰਨ-ਸੁਵੰਨੇ ਵਿਸਥਾਰਾਂ ਕਰਕੇ ਜਾਣੀ ਜਾਂਦੀ ਹੈ: ਗੁੰਝਲਦਾਰ ਲੱਕੜ ਦੀ ਕਾਰੀਗਰੀ, ਪੈਲੇਡੀਅਨ ਖਿੜਕੀਆਂ, ਕੰਧਾਂ ਦੀਆਂ ਆਕਰਸ਼ਕ ਸਤਹਾਂ ਅਤੇ ਖਿੜਕੀਆਂ ਵਿੱਚ ਰੰਗਦਾਰ ਕੱਚ ਦਾ ਹੋਣਾ। ਕਵੀਨ ਐਨੀ ਸ਼ੈਲੀ ਬਹੁਤ ਸਾਰੀਆਂ ਸ਼ੈਲੀਆਂ ਅਤੇ ਦੌਰਾਂ ਤੋਂ ਅੰਸ਼ਾਂ ਨੂੰ ਲੈਂਦੀ ਹੈ।



## ਈਡਵਾਰਡੀਅਨ

ਇੱਕ ਈਡਵਾਰਡੀਅਨ ਘਰ ਆਮ ਤੌਰ ’ਤੇ ਘਣਾਕਾਰ ਹੁੰਦਾ ਹੈ ਤਾਂ ਜੋ ਸੀਮਤ ਜਗਹ ਦਾ ਵੱਧ ਤੋਂ ਵੱਧ ਲਾਹਾ ਲਿਆ ਜਾ ਸਕੇ ਅਤੇ ਇਸਨੂੰ ਬਣਾਉਣਾ ਵੀ ਆਸਾਨ ਹੁੰਦਾ ਹੈ। ਇਹ ਇੱਕ ਆਕਰਸ਼ਕ ਸ਼ੈਲੀ ਹੈ ਕਿਉਂਕਿ ਇਸਦੀ ਅਪੀਲ ਆਕਾਰ ਅਤੇ ਅਨੁਪਾਤਾਂ ’ਤੇ ਨਿਰਭਰ ਕਰਦੀ ਹੈ, ਨਾ ਕਿ ਸਜਾਵਟ ’ਤੇ। ਇਹ ਸ਼ੈਲੀ ਆਮ ਤੌਰ ’ਤੇ ਇੱਕ ਦੋ-ਮੰਜਿਲਾ ਢਾਂਚਾ ਹੁੰਦੀ ਹੈ ਜਿਸਦੇ ਮੂਹਰੇ ਵੱਡਾ ਪੋਰਚ ਹੁੰਦਾ ਹੈ, ਕੇਂਦਰ ਤੋਂ ਹਟਕੇ ਦਲਾਨ ਹੁੰਦਾ ਹੈ ਅਤੇ ਇੱਕ ਡੋਰਮਰ ਖਿੜਕੀ ਹੁੰਦੀ ਹੈ।



## ਟਿਊਡਰ ਰੀਵਾਈਵਲ

ਟਿਊਡਰ ਰੀਵਾਈਵਲ ਸ਼ੈਲੀ 1900ਵਿਆਂ ਤੋਂ 194 0ਵਿਆਂ ਤੱਕ ਮਸ਼ਹੂਰ ਰਹੀ, ਅਤੇ, ਕਵੀਨ ਐਨੀ ਸ਼ੈਲੀ ਦੀ ਤਰ੍ਹਾਂ, ਕੋਈ ਵੀ ਇਕੱਲਾ ਸਰੋਤ ਨਹੀਂ ਹੈ ਜੋ ਇਸਦੇ ਉਥਾਨ ਨਾਲ ਸਬੰਧਿਤ ਹੋਵੇ। ਅਕਸਰ ਇਸਦਾ ਹਵਾਲਾ “ਜੈਕੋਬੇਥਨ” ਵਜੋਂ ਦਿੱਤਾ ਜਾਂਦਾ ਹੈ ਅਤੇ ਉਦਾਰ-ਚਿੱਤ ਸ਼ੈਲੀ ਇਸਦੀ ਵਿਸ਼ੇਸ਼ ਖੂਬੀ ਹੈ। ਇੱਕ ਟਿਊਡਰ ਰੀਵਾਈਵਲ ਘਰ ਦੀਆਂ ਵਿਲੱਖਣ ਖੂਬੀਆਂ ਵਿੱਚ ਸ਼ਾਮਲ ਹਨ ਇਸਦੀਆਂ ਨਕਲੀ, ਹਾਫ-ਟਿੰਬਰਡ ਦੀਵਾਰਾਂ ਦੀਆਂ ਸਤਹਾਂ, ਲੰਬੀਆਂ ਅਤੇ ਛੋਟੇ-ਸ਼ੀਸ਼ਿਆਂ ਵਾਲੀਆਂ ਖਿੜਕੀਆਂ, ਇੱਕ ਕਮਾਨੀਦਾਰ ਪ੍ਰਵੇਸ਼, ਇੱਕ ਛੋਟਾ ਜਿਹਾ ਪੋਰਚ ਦਾ ਵਾਧਰਾ, ਅਤੇ ਦੇਗੀ ਲੋਹੇ ਦੀ ਸਜਾਵਟ।



## ਆਰਟ ਮਾਡਰਨੇ

ਆਰਟ ਮਾਡਰਨੇ ਸ਼ੈਲੀ 1920 ਵਿਆਂ ਤੋਂ 1950ਵਿਆਂ ਤੱਕ ਮਸ਼ਹੂਰ ਰਹੀ। ਆਰਟ ਮਾਡਰਨੇ ਦੀ ਸ਼ੁਰੂਆਤ ਯੂਨਾਈਟਡ ਸਟੇਟਸ ਤੋਂ ਹੋਈ ਸੀ ਅਤੇ ਇਹ ਮਸ਼ੀਨ ਸੁਹਜਾਤਮਿਕ, ਪ੍ਰਵਾਹਮਈ ਅਤੇ ਉਦਯੋਗਿਕ ਡਿਜ਼ਾਈਨ ਤੋਂ ਪ੍ਰਭਾਵਿਤ ਸੀ। ਇਹ ਚੀਜ਼ਾਂ ਦੇ ਲੰਬੇ-ਦਾਅ ਹੋਣ – ਚਪਟੀਆਂ ਛੱਤਾਂ, ਖਿੜਕੀਆਂ ਦੇ ਲੰਬੇ-ਦਾਅ ਬੈਂਡ, ਗੋਲ਼ ਕੀਤੇ ਕੋਨੇ – ਅਤੇ ਗੈਰ-ਸਮਤੁਲਨਾ ’ਤੇ ਬਲ ਦਿੰਦੀ ਹੈ।



# ਪੁਸਤਕ ਸੂਚੀ


Armstrong, J., et al. (1985). Buffy's Corners Today's Four Corners: A Look at Early Commercial Architecture. Brampton: Brampton Heritage Board.

ਆਰਮਸਟਰਾਂਗ ਜੇ, ਅਤੇ ਹੋਰ (1985)। *ਬੱਫੀਜ਼ ਕਾਰਨਰਜ਼ ਟੂਡੇਜ਼ ਫੋਰ ਕਾਰਨਰਜ਼: ਏ ਲੁੱਕ ਐਟ ਅਰਲੀ ਕਮੱਰਸ਼ਲ ਆਰਕੀਟੈਕਚਰ।* ਬਰੈਮਪਟਨ: ਬਰੈਮਪਟਨ ਹੈਰੀਟੇਜ਼ ਬੋਰਡ।

*Brampton Centennial Souvenir: 1853-1953. (1953)*. Brampton: Charters Publishing.

*ਬਰੈਮਪਟਨ ਸੈਨਟੈਨੀਅਲ ਸੁਵੀਨੀਰ: 1853-1953. (1953).* ਬਰੈਮਪਟਨ: ਚਾਰਟਰਜ਼ ਪਬਲਿਸ਼ਿੰਗ

*Brampton's 100th Anniversary: 1873-1973. (1973)*. Brampton: Charters Publishing.

*ਬਰੈਮਪਟਨ ਦੀ 100ਵੀਂ ਵਰ੍ਹੇਗੰਢ: 1873-1973. (1973).* ਬਰੈਮਪਟਨ: ਚਾਰਟਰਜ਼ ਪਬਲਿਸ਼ਿੰਗ

Dunne, K., & Montgomery, K. (1986). *Main Street Through the Years.* Brampton: Brampton Heritage Board.

ਡੱਨੇ, ਕੇ, ਅਤੇ ਮੌਂਟਗੁਮਰੀ, ਕੇ (1986), *ਮੇਨ ਸਟਰੀਟ ਥਰੂ ਦਾ ਯੀਅਰਜ।* ਬਰੈਮਪਟਨ: ਬਰੈਮਪਟਨ ਹੈਰੀਟੇਜ਼ ਬੋਰਡ।

Charters, C.V. (Ed). (1967). *A History of Peel County to Marks its Centenary as a Separate County: 1867-1967.* Brampton: County of Peel.

ਚਾਰਟਰਜ਼, ਸੀ.ਵੀ. (Ed). (1967). *ਏ ਹਿਸਟਰੀ ਆਫ ਪੀਲ ਕਾਊਂਟੀ ਟੂ ਮਾਰਕਸ ਇਟਸ ਸੈਂਟੇਨਰੀ ਐਜ ਏ ਸੈਪਾਰੇਟ ਕਾਊਂਟੀ: 1867-1967.* ਬਰੈਮਪਟਨ: ਕਾਊਂਟੀ ਆਫ ਪੀਲ।

*Illustrated Historical Atlas of the County of Peel.* Campbellford: Wilson's Publishing Company Ltd. (Original work published by Walker & Miles, 1877).

*ਇਲੱਸਟਰੇਟਿਡ ਹਿਸਟੋਰੀਕਲ ਐਟਲਸ ਆਫ ਦਾ ਕਾਊਂਟੀ ਆਫ ਪੀਲ। ਕੈਂਪਬੈੱਲਫੋਰਡ:* ਵਿਲਸਨਜ਼ ਪਬਲਿਸ਼ਿੰਗ ਕੰਪਨੀ ਲਿਮਟਿਡ (ਮੌਲਿਕ ਕਾਰਜ ਵਾਕਰ ਐਂਡ ਮਾਈਲਜ਼ ਦੁਆਰਾ ਪ੍ਰਕਾਸ਼ਿਤ, 1877)।

Kavanagh, A., et al. (1982). *Yesterday Today.*

ਕਾਵਾਨਾਘ, ਏ. ਅਤੇ ਹੋਰ। (1982). *ਕੱਲ੍ਹ ਅੱਜ।*

Loverseed, H. L. (1987). *Brampton: An Illustrated History.* Burlington: Windsor Publications.

ਲਵਰਸੀਡ, ਐੱਚ.ਐੱਲ. (1987)। ਬਰੈਮਪਟਨ: ਇੱਕ ਚਿਤਰਮਈ ਇਤਿਹਾਸ। ਬਰਲਿੰਗਟਨ: ਵਿੰਡਸਰ ਪਬਲੀਕੇਸ਼ਨਜ਼।

Aerial Photographs, 1947. Archives of Ontario.

ਅਸਮਾਨੋਂ ਲਏ ਗਏ ਫੋਟੋਗਰਾਫ਼, 1947. ਆਰਕੀਵਜ਼ ਆਫ ਓਨਟਾਰੀਓ।


# ਸ਼ੁਕਰਾਨੇ


ਇਸ ਪੈਦਲ ਟੂਰ ਪੁਸਤਿਕਾ ਦੀ ਸਿਰਜਣਾ ਦੌਰਾਨ ਰੀਜ਼ਨ ਆਫ ਪੀਲ ਆਰਕੀਵਜ਼ ਵੱਲੋਂ ਪ੍ਰਦਾਨ ਕੀਤੀ ਸਹਾਇਤਾ ਵਾਸਤੇ ਉਹਨਾਂ ਦਾ ਤਹਿ ਦਿਲੋਂ ਧੰਨਵਾਦ, ਖਾਸ ਕਰਕੇ ਸ਼ਹਿਰ ਨੂੰ ਏਨੀ ਸ਼ਿਸ਼ਟਤਾ ਨਾਲ ਇਤਿਹਾਸਕ ਚਿਤਰ ਪ੍ਰਦਾਨ ਕਰਾਉਣ ਵਾਸਤੇ।


ਵਿਰਾਸਤ ਸਬੰਧੀ ਅਣਥੱਕ-ਕੋਸ਼ਿਸ਼ਾਂ ਨੂੰ ਉਤਸ਼ਾਹਤ ਕਰਨ ਅਤੇ ਇਹਨਾਂ ਦੀ ਹਮਾਇਤ ਕਰਨ ਲਈ ਬਰੈਮਪਟਨ ਸਿਟੀ ਕੌਂਸਲ ਦਾ, ਬਰੈਮਪਟਨ ਦੀ ਵਿਰਾਸਤ ਦੀ ਰੱਖਿਆ ਅਤੇ ਪ੍ਰਚਾਰ ਲਈ ਨਿਰੰਤਰ ਸ਼ਮੂਲੀਅਤ ਅਤੇ ਸਮਰਪਣ ਵਾਸਤੇ ਬਰੈਮਪਟਨ ਹੈਰੀਟੇਜ ਬੋਰਡ ਦਾ, ਅਤੇ ਇਸ ਪ੍ਰੋਜੈਕਟ ਵਿੱਚ ਸ਼ਾਮਲ ਸ਼ਹਿਰ ਦੇ ਸਾਰੇ ਅਮਲੇ ਦਾ ਵਿਸ਼ੇਸ਼ ਧੰਨਵਾਦ।


ਵਧੀਕ ਜਾਣਕਾਰੀ ਵਾਸਤੇ ਕਿਰਪਾ ਕਰਕੇ ਸੰਪਰਕ ਕਰੋ:


ਐਂਟੋਨੀਟਾ ਮਿਨੀਚਿਲੋ, ਹੈਰੀਟੇਜ ਕੋਆਰਡੀਨੇਟਰ।
905.874.3744
antonietta.minichillo@brampton.ca

# ਯਾਦਾਂ

# ਯਾਦਾਂ




## ਮੰਜਿਲਾਂ

1. ਔਲਡਰਲੀ
2. ਵੈਟਰਨਜ਼ ਮੋਨੂਮੈਂਟ
3. ਡੋਮੀਨੀਅਨ ਬੈੱਲ
4. ਗੇਜ਼ ਪਾਰਕ
5. ਸਟੋਰਕ ਰੈਜੀਡੈਂਸ
6. ਈਟੋਬੀਕੋਕ ਕਰੀਕ ਰੋਕੂ ਕੰਧ ਦੇ ਅਵਸ਼ੇਸ਼
7. ਸੇਂਟ ਮੇਰੀ ਦੀ ਚਰਚ
8. ਫਸਟ ਬਾਪਟਿਸਟ ਚਰਚ
9. ਪੀਲ ਕਾਊਂਟੀ ਕੋਰਟਹਾਊਸ
10. ਪੀਲ ਕਾਊਂਟੀ ਰਜਿਸਟਰੀ ਆਫਿਸ
11. ਪੀਲ ਕਾਊਂਟੀ ਜੇਲ੍ਹ
12. ਬਰੈਮਪਟਨ ਅਸਲਾਖਾਨਾ
13. ਓਲਡ ਫਾਇਰ ਹਾਲ
14. ਕਾਰਨੇਗੀ ਲਾਇਬਰੇਰੀ
15. ਮਿੱਲ
16. ਫਾਰਮਹਾਊਸ
17. ਸੇਂਟ ਐਂਡਰਿਊਜ਼ ਪ੍ਰੈਂਜ਼ਬਾਈਟੇਰੀਅਨ ਚਰਚ
18. ਸੈਂਟਰਲ ਪਬਲਿਕ ਸਕੂਲ
19. ਦੀ ਔਕਟਾਗਨ ਹਾਊਸ
20. ਗਰੇਸ ਯੂਨਾਈਟਡ ਚਰਚ
21. ਰਾਈਟ ਕੈਸਲ
22. CNR ਸਟੇਸ਼ਨ
23. ਹਿਊਟਸਨ ਸ਼ੂ ਫੈਕਟਰੀ
24. ਡੋਮੀਨੀਅਨ ਸਕੇਟ
25. ਪਰੇਰੀ ਹਾਊਸ
26. 44. ਨੈਲਸਨ ਸਟਰੀਟ ਡਬਲਯੂ
27. ਜੌਹਨ ਹੋਵਾਰਡ ਸੋਸਾਇਟੀ
28. ਕਰਾਈਸਟ ਚਰਚ
29. ਹੇਗਰਟਲੀਆ
30. ਬਲੇਨਜ਼ ਬਲਾਕ
31. ਦਾ ਫੋਰ ਕਾਰਨਰਜ਼
32. ਡੋਮੀਨੀਅਮ ਬਿਲਡਿੰਗ
33. ਹੇਗੀ ਬਲਾੱਕ
34. ਹਾਰਮਸਵਰਥ
35. ਸੇਂਟ ਪਾਉਲਜ਼ ਯੂਨਾਈਟਡ ਚਰਚ
36. ਬੌਇਲ ਹਾਊਸ
37. ਸੈਨੇਟੈਫ
38. ਕਲਾ-ਕਾਰਜ: ਟੂ ਵਿਜ਼ਨਜ਼
39. ਕਲਾ-ਕਾਰਜ: ਯੰਗ ਕੈਨੇਡਾ
40. ਕਲਾ-ਕਾਰਜ: ਰੀਫਲੈਕਸ਼ਨਜ਼
41. ਪਾਰਕ ਰੌਇਲ ਅਪਾਰਟਮੈਂਟਸ

The City of Brampton
2 Wellington Street West
Brampton, ON L6Y 4R2
www.brampton.ca

BRAMPTON
Flower City
brampton.ca